
# ਅੰਮ੍ਰਿਤ ਕੀਰਤਨ

ਦਸੰਬਰ 2013

# Amrit Kirtan



ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ



# ਪੈਂਤੀ ਅੱਖਰੀ-ਕਾਫ਼ੀਆਂ

## ਦ

ਦੁੱਖ ਬਿਨਾਂ ਕਦੇ ਸੁੱਖ ਨਾ ਮਿਲਦਾ
ਦੁਖ ਦਾਰੂ ਹੈ ਸੁੱਖਾਂ ਹੂ।

ਬਿਰਛ ਲਾਉਣ ਲਈ ਕਸ਼ਟ ਉਠਾਵੇਂ,
ਫਿਰ ਲੈਂਦਾ ਸੁੱਖ ਰੁੱਖਾਂ ਹੂ।

ਹਰੀ ਭਜਨ ਬਿਨ ਕੁਝ ਨਾ ਹੁੰਦਾ
ਦੇਖਿਆ ਸਭ ਮਨੁੱਖਾਂ ਹੂ।

ਸੰਤੋਖ ਭਜਨ ਤੂੰ ਰੱਬ ਦਾ ਕਰ ਲੈ
ਦੂਰ ਕਰੇ ਸਭ ਦੁੱਖਾਂ ਹੂ।

**ਪੁਸਤਕ -ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ


**ਸੰਪਾਦਕ (ਆਨਰੇਰੀ)**

**ਡਾ. ਜਾਗੀਰ ਸਿੰਘ**

**ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ**

**ਸਹਿਯੋਗੀ**

**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

**ਆਨਰੇਰੀ ਸਲਾਹਕਾਰ**

**ਸ: ਹਰਚੰਦਨ ਸਿੰਘ**


- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

**ਚੰਦੇ ਦਾ ਵੇਰਵਾ**

- ▲ ਦੇਸ਼: ਇਕ ਕਾਪੀ 15 ਰੁ., ਦੇਸ਼ ਸਾਲਾਨਾ ਡਾਕ ਰਾਹੀਂ 150 ਰੁ., ਕੋਰੀਅਰ ਰਾਹੀਂ 500 ਰੁਪਏ
  ਜੀਵਨ ਮੈਂਬਰ 1500 ਰੁ.
- ▲ ਵਿਦੇਸ਼: ਸਲਾਨਾ 30 £, ਜੀਵਨ ਮੈਂਬਰ 300 £
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ

ਮਾਇਕ ਸਹਾਇਤਾ, ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ


ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630

e-mail: drjagirsingh@gmail.com
Website : www.amritkirtan.com, www.gurshabad.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

**Type Setting & Designed by :**
**Rajpreet Singh Khural - 9915545084**


## ਇਸ ਅੰਕ ਵਿਚ


ਮ੍ਰਿਤ ਅਸਾਡੜੇ ਸੇਈ 4

ਕਰਉ ਬੇਨੰਤੀਆ 5

ਸਿਰਮੌਰ ਕੀਰਤਨੀਏ - ਭਾਈ ਸੰਤੋਖ ਸਿੰਘ ਜੀ
ਕਰਮ ਸਿੰਘ ਰਤਨ 7

ਗੁਰਮਤਿ ਸੰਗੀਤ ਏਕਤਾ ਦਾ ਪ੍ਰਤੀਕ 12

ਗੁਲਾਮ ਹੈਦਰ ਰਬਾਬੀ ਨੂੰ ਯਾਦ ਕਰਦਿਆਂ
ਬਲਬੀਰ ਸਿੰਘ ਕੰਵਲ (ਲੰਡਨ) 17

ਹਿੰਦੀ ਫ਼ਿਲਮੀ ਗੀਤਾਂ ਦਾ ਜਾਦੂਗਰ ਸੀ 'ਸਾਹਿਰ ਲੁਧਿਆਣਵੀ'
ਅਮਰਿੰਦਰ ਸਿੰਘ, 21

ਸੁਰ ਲਿਪੀ - ਭੈਰਵ ਥਾਟ 25

ਸੁਰ ਲਿਪੀ ਵਾਲੇ ਸ਼ਬਦਾਂ ਦੇ ਅਰਥ 26


**ਮਾਇਕ ਸਹਾਇਤਾ ਭੇਜਣ ਦੀ ਕ੍ਰਿਪਾ ਕਰੋ ਜੀ**

ਚੈੱਕ ਜਾਂ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਸੂਚਿਤ ਕਰੋ ਜੀ

Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012

# ✉ ਮਿਤ੍ਰ ਅਸਾਡੜੇ ਸੇਈ

ਅਕਤੂਬਰ ਦਾ ਅੰਕ ਮਿਲਿਆ। ਸਭ ਲੇਖ ਵਧੀਆ ਲੱਗੇ। ਡਾ. ਗੁਰਨਾਮ ਸਿੰਘ ਦਾ ਲੇਖ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਗੀਤਕ ਮਹੱਤਵ ਪੜ੍ਹਿਆ। ਡਾ. ਗੁਰਨਾਮ ਸਿੰਘ ਜੀ ਵੱਲੋਂ ਗੁਰਮਤਿ ਸੰਗੀਤ ਲਈ ਕੀਤੇ ਪ੍ਰਚਾਰ ਅਤੇ ਪ੍ਰਸਾਰ ਦੇ ਯਤਨਾਂ ਦੀ ਜਿੰਨੀ ਵੀ ਸ਼ਲਾਘਾ ਕੀਤੀ ਜਾਵੇ ਉਨੀ ਥੋੜ੍ਹੀ ਹੈ। ਇਹ ਲੇਖ ਵੀ ਖੋਜ ਭਰਪੂਰ ਮਿਹਨਤ ਦਾ ਨਤੀਜਾ ਹੈ। ਉਹਨਾਂ ਨੇ ਰਾਗ ਅਤੇ ਰਾਗਨੀ ਦੇ ਸੰਬੰਧ ਵਿਚ ਜੋ ਬਿਆਨ ਕੀਤਾ ਹੈ, ਉਸ ਨਾਲ ਮੈਂ ਪੂਰੀ ਤਰ੍ਹਾਂ ਸਹਿਮਤ ਨਹੀਂ। ਗੁਰੂ ਸਾਹਿਬ ਰਾਗਾਂ ਨੂੰ ਰਾਗਨੀ ਕਹਿਣ ਬਾਰੇ ਇਤਨੇ ਸੰਕੀਰਨ ਨਹੀਂ ਸਨ। ਇਹ ਵੱਖਰੀ ਗੱਲ ਹੈ ਕਿ ਰਾਗ ਅਤੇ ਰਾਗਨੀ ਦਾ ਗਾਇਨ ਇਕੋ ਤਰ੍ਹਾਂ ਨਾਲ ਕੀਤਾ ਜਾਂਦਾ ਹੈ। ਗੁਰਬਾਣੀ ਵਿਚ ਗੁਰੂ ਸਾਹਿਬ ਨੇ ਰਾਗ ਸ਼ਬਦ ਨੂੰ ਇਸਤਰੀ ਲਿੰਗ ਵਜੋਂ ਪ੍ਰਯੋਗ ਕਰਦਿਆਂ ਕਈ ਰਾਗਾਂ ਨੂੰ ਰਾਗਨੀ ਵਜੋਂ ਉਲੇਖਿਤ ਕੀਤਾ ਹੈ। ਗਉੜੀ ਰਾਗ ਬਾਰੇ:

ਗਉੜੀ ਰਾਗਿ ਸੁਲਖਣੀ ਜੇ ਖਸਮੈ ਚਿਤਿ ਕਰੇਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 311)

ਗੂਜਰੀ ਰਾਗ ਬਾਰੇ

ਗੂਜਰੀ ਜਾਤਿ ਗਵਾਰਿ ਜਾ ਸਹੁ ਪਾਏ ਆਪਣਾ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 516)

ਧਨਾਸਰੀ ਰਾਗ ਬਾਰੇ:

ਧਨਾਸਰੀ ਧਨਵੰਤੀ ਜਾਣੀਐ ਭਾਈ ਜਾਂ ਸਤਿਗੁਰ ਕੀ ਕਾਰ ਕਮਾਇ॥

ਰਾਮਕਲੀ ਰਾਗ ਬਾਰੇ:

ਰਾਮਕਲੀ ਰਾਮੁ ਮਨਿ ਵਸਿਆ ਤਾਂ ਬਨਿਆ ਸੀਗਾਰ॥

ਆਪ ਜੀ ਨੂੰ ਵਧਾਈ ਦਿੰਦਾ ਹਾਂ ਕਿ ਆਪ ਜੀ ਇਤਨੇ ਲੰਬੇ ਸਮੇਂ ਤੋਂ ਨੰਗੇ ਧੜ ਅੰਮ੍ਰਿਤ ਕੀਰਤਨ ਪ੍ਰਕਾਸ਼ਤ ਕਰੀ ਜਾ ਰਹੇ ਹੋ। ਇਹ ਆਪ ਜੀ ਦੀ ਲਗਨ, ਮਿਹਨਤ ਤੇ ਵਿਸ਼ੇਸ਼ ਰੂਪ ਵਿਚ ਆਪ ਦੇ ਮਿੱਠੇ ਸੁਭਾਓ ਕਾਰਨ ਬਣੇ ਸੱਜਣਾਂ ਮਿੱਤਰਾਂ ਦੇ ਵਿਸ਼ਾਲ ਘੇਰੇ ਕਰਕੇ ਹੀ ਹੈ। ਇਹ ਪਰਚਾ ਜਾਰੀ ਕਰਨ ਤੋਂ ਪਹਿਲਾਂ ਆਪ ਜੀ ਨਾਲ ਹੋਈ ਵਿਚਾਰ ਵਿਚ ਮੈਂ ਤੌਖਲਾ ਪ੍ਰਗਟ ਕੀਤਾ ਸੀ ਕਿਉਂਕਿ ਪਟਿਆਲੇ ਤੋਂ ਕੀਰਤਨ ਸੰਬੰਧੀ ਜਾਰੀ ਹੋਏ ਪਰਚੇ ਦਾ ਹਸ਼ਰ ਮੇਰੇ ਸਾਹਮਣੇ ਸੀ। ਪਰ ਅੰਮ੍ਰਿਤ ਕੀਰਤਨ ਵਿਚ ਛਪਣ ਵਾਲੇ ਵਿਦਵਤਾ ਅਤੇ ਖੋਜ ਭਰਪੂਰ ਲੇਖਾਂ ਨੇ ਇਸ ਨੂੰ ਚਾਰ ਚੰਨ ਲਾਏ ਹਨ। ਸ: ਕਰਤਾਰ ਸਿੰਘ ਨੀਲਧਾਰੀ, ਡਾ. ਗੁਰਨਾਮ ਸਿੰਘ, ਕਰਮ ਸਿੰਘ ਰਤਨ ਆਦਿ ਵਿਦਵਾਨਾਂ ਦੇ ਲੇਖ ਪਰਚੇ ਦੀ ਸ਼ੋਭਾ ਵਧਾਉਂਦੇ ਹਨ। ਆਪ ਨਵੇਂ ਲਿਖਾਰੀਆਂ ਨੂੰ ਮੌਕਾ ਦਿੰਦੇ ਹੋ, ਜਿਹਨਾਂ ਨਾਲ ਉਹਨਾਂ ਦੀ ਹੌਂਸਲਾ ਅਫਜ਼ਾਈ ਹੁੰਦੀ ਹੈ। ਆਪ ਨੂੰ ਬਹੁਤ-ਬਹੁਤ ਮੁਬਾਰਕ।

ਜੋਗਿੰਦ੍ਰ ਸਿੰਘ (ਭਸੀਨ), 413, ਸੈਕਟਰ 44, ਚੰਡੀਗੜ੍ਹ, ਮੋਬਾਇਲ : 9779620553

# ਕੁਛ ਪੜ੍ਹੀਏ ਕੁਛ ਸੁਣੀਏ

ਪਿਆਰਿਓ,

ਅਸੀਂ ਖੁਦ ਕਈ ਵਾਰ ਇੰਨੇ ਸਿਆਣੇ ਜਾਂ ਵਿਦਵਾਨ ਨਹੀਂ ਹੁੰਦੇ ਕਿ ਦੂਜਿਆਂ ਨੂੰ ਕੁਝ ਸਿਖਾ ਦੇਈਏ। ਪਰ ਜੋ ਅਸੀਂ ਪੜ੍ਹਦੇ ਸੁਣਦੇ ਹਾਂ ਉਹ ਦੂਜਿਆਂ ਨਾਲ ਸਾਂਝਾ ਕਰਨਾ ਵੀ ਇਕ ਸਿਆਣਪ ਹੀ ਕਹੀ ਜਾ ਸਕਦੀ ਹੈ। ਪਿਛਲੇ ਅੰਕਾਂ ਵਿਚ The Science of Getting Rich by Wallace D. Wattles ਪੁਸਤਕ ਦਾ ਜ਼ਿਕਰ ਕੀਤਾ ਸੀ। ਉਸ ਵਿਚ ਇਕ ਕਥਨ ਮੈਨੂੰ ਪ੍ਰੇਰਿਤ ਕਰਦਾ ਹੈ;

Once I saw a little boy sitting at a piano and vainly trying to bring harmony out of the keys; and I saw that he was grieved and provoked by his inability to play real music. I asked him the cause of his vexation, and he answered, "I can feel the music in me, but I can't make my hands go right." The music in him was the URGE of Original Substance, containing all the possibilities of all life; all that there is of Music was seeking expression through the child.

ਇਕ ਹੋਰ ਪੁਸਤਕ A setback is a setup for a comback by Willie Jolley ਵਿਚ ਲੇਖਕ ਆਪਣੀ ਇਕ ਸੰਗੀਤਕ ਪੇਸ਼ਕਾਰੀ ਦਾ ਜ਼ਿਕਰ ਕਰਦਾ ਹੈ:

Oh, the notes were right. The tune was right. The music was technically right. But the motive was wrong! I had gone up to that stage to impress the audience, when I should have gone on that stage to inspire the audience! It was the most humiliating night of my life! I was accustomed to audience giving me a standing ovation after my performances. This night they did not even clap. As I walked through the audience, they just turned and looked away. I was devastated! I went back to my little hotel room and cried. I cried and I cried and finally, in complete despair, I screamed, "What Do you Want?" And the answer came as clear as a bell, "Inspire others! Do not try to impress them, but rather inspire them. If you inspire, you will not have to be concerned about the impression! it will take care of itself. Inspire People!"

ਸੰਗੀਤਕਾਰ ਦਾ ਪ੍ਰਯੋਜਨ ਲੋਕਾਂ ਨੂੰ ਪ੍ਰਭਾਵਤ ਕਰਨਾ ਨਹੀਂ ਸਗੋਂ ਪ੍ਰੇਰਤ ਕਰਨਾ ਹੈ। ਕੀਰਤਨ ਅਤੇ ਕੀਰਤਨੀਏ ਉੱਤੇ ਵੀ ਇਹ ਗੱਲ ਲਾਗੂ ਹੁੰਦੀ ਹੈ।

ਇਸੇ ਤਰ੍ਹਾਂ ਹੀ *John Maxell* ਦੀ ਇਕ ਪੁਸਤਕ *The 21 Indispensable qualities of a leader)* ਵਿਚ ਇਹ ਵਾਰਤਾ ਪੜ੍ਹਨ ਤੇ ਵਿਚਾਰਨਯੋਗ ਹੈ:

### *The Cleverest in England*

During the second half of the nineteenth century, two strong men vied for leadership of Great Britain's government; William Gladstone and Benjamin Diseaeli. The two politicians were intense rivals. You can detect how they felt about each other based on a comment once made by Disraeli; "The difference between a misfortune and a calamity? If Gladstone fell into the Thames [ River], it would be a misfortune. But if someone dragged him out again, it would be calamity"

Many people believe that Gladstone, leader of the Liberal Party for three decades, personified the best qualities of Victorian England. A career public servant, he was a great operator, a master of finance and a staunchly moral man. He was made prime minister of the United Kingdom four different times, the only person in the nation's history to achieve that honor. Under his leadership, Great Britain established a national education system, instituted parliamentary reform, and saw the vote given to a significant number of people in the working classes.

Benjamin Disraeli, who served twice as prime minister, had a different kind of background. In his thirties, he entered politics and built a reputation as a diplomat and social reformer. But his greatest accomplishment was masterminding Great Britain's purchase of shares in the Suez Canal.

Though both men accomplished much for Britain, what really separated them as leaders was their approach to people. The difference can be best illustrated by a storey told by a young woman who dined with the two rival statesman on consecutive nights. When asked her impression of them, she said, "When I left the dining room after sitting next to Mr. Gladstone, I thought he was the cleverest man in England. But after sitting next to Mr. Disraeli, I thought I was the cleverest woman in England" Disraeli possessed a quality drew people to him and made them want to follow him. He had charisma.

ਉਪਰੋਕਤ ਵਾਰਤਾਵਾਂ ਨੂੰ ਮੈਂ ਆਪਣੇ ਸ਼ਬਦਾਂ ਵਿਚ ਲਿਖ ਕੇ ਤੁਹਾਡੇ 'ਤੇ ਆਪਣੀ ਵਿਦਵਤਾ ਦਾ ਪ੍ਰਭਾਵ ਪਾ ਸਕਦਾ ਸੀ, ਪਰ ਮੇਰਾ ਮਨੋਰਥ ਤੁਹਾਨੂੰ ਪ੍ਰਭਾਵਤ ਕਰਨਾ ਨਹੀਂ, ਸਗੋਂ ਇਹ ਪੁਸਤਕਾਂ ਪੜ੍ਹਨ ਲਈ ਪ੍ਰੇਰਤ ਕਰਨਾ ਹੈ। ਭੁੱਲ ਚੁੱਕ ਖਿਮਾ!

# ਸਿਰਮੌਰ ਕੀਰਤਨੀਏ - ਭਾਈ ਸੰਤੋਖ ਸਿੰਘ ਜੀ

## ਕਰਮ ਸਿੰਘ ਰਤਨ

ਸੋ ਕੁਛ ਸਮੇਂ ਬਾਅਦ ਇਹਨਾਂ ਦੇ ਪਿਤਾ ਜੀ ਨੇ ਇਹਨਾਂ ਨੂੰ ਰਾਗੀ ਬਨਾਣ ਲਈ ਯਤਨ ਸ਼ੁਰੂ ਕਰ ਦਿੱਤਾ। ਉਹਨਾਂ ਨੇ ਪਹਿਲਾਂ ਪਤਾ ਕੀਤਾ ਕਿ ਕਿਹੜੇ ਕਿਹੜੇ ਸੰਗੀਤਕਾਰ ਮਹਾਨ ਹਨ, ਜਿਹਨਾਂ ਤੋਂ ਇਸ ਬੱਚੇ ਨੂੰ ਸੰਗੀਤ ਦੀ ਸਿੱਖਿਆ ਦਿਵਾਈ ਜਾਵੇ ਕਿਉਂਕਿ ਪਿਤਾ ਚਾਹੁੰਦੇ ਸਨ ਕਿ ਉਹਨਾਂ ਦਾ ਬੱਚਾ ਸੰਗੀਤ ਵਿਚ ਕਿਸੇ ਤਰ੍ਹਾਂ ਵੀ ਪਿੱਛੇ ਨਾ ਰਹੇ। ਇਸ ਲਈ ਸਭ ਤੋਂ ਪਹਿਲੇ ਆਪਣਾ ਸਮੇਂ ਦੇ ਪ੍ਰਸਿੱਧ ਰਾਗੀ ਮਾ: ਸਾਂਈ ਦਿੱਤਾ ਪਾਸੋਂ ਸੰਗੀਤ ਦੀ ਸਿੱਖਿਆ ਸ਼ੁਰੂ ਕਰਵਾਈ ਅਤੇ ਉਸ ਤੋਂ ਬਾਦ ਦੁਰਗਿਆਣਾ ਮੰਦਰ ਦੇ ਪੰਡਤ ਜੀ ਪਾਸੋਂ ਕੁਛ ਚਿਰ ਸੰਗੀਤ ਸਿਖਲਾਈ ਕਰਾਈ ਅਤੇ ਜਦੋਂ ਕੁਛ ਸਮਝਣ ਯੋਗ ਹੋ ਗਏ ਤਾਂ ਬਾਬਾ ਲਾਭ ਸਿੰਘ ਜੀ ਗੰਧਰਭ ਤਰਨ ਤਾਰਨ ਵਾਲਿਆਂ ਪਾਸੋਂ ਕੀਰਤਨ ਦੀ ਸਿਖਲਾਈ ਆਰੰਭ ਕਰਾਈ ਅਤੇ ਇਹਨਾਂ ਤੋਂ ਬਾਅਦ ਸ੍ਰੀ ਬਖੂ ਖਾਂ ਕਲਾਵੰਤ ਰਿਆਸਤ ਕਪੂਰਥਲੇ ਦੇ ਦਰਬਾਰੀ ਗਾਇਕ ਪਾਸੋਂ ਕਲਾਸੀਕਲ ਰਾਗਾਂ ਦੀ ਤਾਲੀਮ ਦਿਵਾਣ ਲਈ ਲੈ ਕੇ ਗਏ, ਭਾਈ ਸੰਤੋਖ ਸਿੰਘ ਜੀ ਆਪ ਸਾਨੂੰ ਦੱਸਦੇ ਹੁੰਦੇ ਸਨ ਕਿ ਜਦੋਂ ਮੇਰੇ ਪਿਤਾ ਮੈਨੂੰ ਕਪੂਰਥਲਾ ਵਾਲੇ, ਉਸਤਾਦ ਬਖੂ ਖਾਂ ਪਾਸ ਲੈ ਕੇ ਗਏ, ਤਾਂ ਮੇਰੀ ਸ਼ਾਗਿਰਦੀ ਲਈ, ਉਹਨਾਂ ਨੇ, ਇਕ ਮੱਝ ਦੁੱਧ ਦੇਣ ਵਾਲੀ ਤੇ ਪੰਜ ਸੂਟ ਕੱਪੜੇ ਦਸਤਾਰਾਂ ਸਮੇਤ ਅਤੇ ਦਸ ਸੇਰ ਬਦਾਮ ਅਤੇ ਉੱਤੇ ਇਕ ਸੌ ਇਕ ਰੁਪਏ ਨਕਦ, ਉਹਨੀਂ ਦਿਨੀਂ ਇਕ ਸੌ ਇਕ ਰੁਪਏ ਬਹੁਤ ਜ਼ਿਆਦਾ ਹੁੰਦੇ ਹਨ। ਇਹ ਭੇਟਾਵਾਂ ਉਸਤਾਦ ਕੋਲ ਲੈ ਕੇ ਗਏ ਸਨ, ਸੋ ਆਪ ਜੀ ਨੇ ਉਸਤਾਦ ਬਖੂ ਸਾਹਿਬ ਪਾਸੋਂ ਬਹੁਤ ਰਾਗਾਂ ਦੀ ਸਿੱਖਿਆ ਪ੍ਰਾਪਤ ਕੀਤੀ। ਉਸ ਤੋਂ ਬਾਅਦ ਆਪ ਜੀ ਨੇ ਭਾਈ ਤਾਬਾ ਜੀ ਰਬਾਬੀ, ਜੋ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਤੇ ਵਿਦਵਾਨ ਕੀਰਤਨੀਏ ਸਨ, ਉਹਨਾਂ ਤੋਂ ਆਪ ਜੀ ਨੇ ਕੀਰਤਨ ਦੀ ਸਿੱਖਿਆ ਲਈ। ਗੁਰਦੁਆਰਾ ਸੀਸ ਗੰਜ ਸਾਹਿਬ ਦਿੱਲੀ ਵਾਲੇ, ਭਾਈ ਪ੍ਰਤਾਪ ਸਿੰਘ ਜੀ ਹਜੂਰੀ ਰਾਗੀ ਵੀ ਭਾਈ ਤਾਬਾ ਜੀ ਦੇ ਹੀ ਸ਼ਾਗਿਰਦ ਸਨ, ਸੋ ਭਾਈ ਤਾਬਾ ਜੀ ਤੋਂ ਬਾਅਦ ਆਪ ਜੀ ਕੁਝ ਸਮਾਂ ਸੰਤ ਸੁੰਦਰ ਸਿੰਘ ਅਲੀਬੇਗ ਵਾਲੇ ਦੇ ਡੇਰੇ, ਜ਼ਿਲ੍ਹਾ ਗੁਜਰਾਤ ਵਿਚ ਚਲੇ ਗਏ ਤੇ ਉਥੇ ਭਾਈ ਜਗਤ ਸਿੰਘ ਜੀ ਡੇਰੇ ਦੇ ਹਜ਼ੂਰੀ ਰਾਗੀ ਸਨ, ਉਹਨਾਂ ਨਾਲ ਆਪ ਜੀ ਸਹਾਇਕ ਰਾਗੀ ਵਜੋਂ ਕੀਰਤਨ ਕਰਦੇ ਰਹੇ ਹਨ ਤੇ ਨਾਲੇ ਭਾਈ ਜਗਤ ਸਿੰਘ ਜੀ ਪਾਸੋਂ ਸਿੱਖਦੇ ਵੀ ਰਹੇ ਹਨ ਅਤੇ ਸੰਤ ਬਾਬਾ ਮੋਹਨ ਸਿੰਘ ਜੀ, ਜੋ ਗੁਰਦੁਆਰਾ ਕੀਰਤਨ ਗੜ੍ਹ ਕਾਨਪੁਰ ਵਾਲੇ ਸਨ, ਇਹ ਵੀ ਭਾਈ ਜਗਤ ਸਿੰਘ ਜੀ ਪਾਸੋਂ ਦਿਲ ਰੁਬਾਬ

ਵਜਾਣੀ ਸਿੱਖਦੇ ਰਹੇ ਹਨ। ਸੋ ਭਾਈ ਸੰਤੋਖ ਸਿੰਘ ਜੀ, ਤੇ ਭਾਈ ਪ੍ਰਤਾਪ ਸਿੰਘ ਦਿੱਲੀ ਵਾਲੇ ਤੇ ਸੰਤ ਬਾਬਾ ਮੋਹਨ ਸਿੰਘ ਜੀ ਕਾਨਪੁਰ ਵਾਲੇ ਇਹ ਤਿੰਨੇ ਹਸਤੀਆਂ ਗੁਰ ਭਾਈ ਸਨ, ਭਾਈ ਸੰਤੋਖ ਸਿੰਘ ਜੀ ਦੇ ਪਿਤਾ ਸ: ਇੰਦਰ ਸਿੰਘ ਜੀ ਸੁਭਾਅ ਦੇ ਬਹੁਤ ਸਖਤ ਸਨ। ਭਾਈ ਸਾਹਿਬ ਦੱਸਦੇ ਹਨ ਕਿ ਉਹ ਆਪ ਥੋੜ੍ਹਾ ਤਬਲਾ ਵਜਾਣਾ ਜਾਣਦੇ ਸਨ, ਅਤੇ ਮੇਰੇ ਨਾਲ ਤਬਲਾ ਵਜਾ ਕੇ ਮੈਨੂੰ ਰਿਆਜ਼ ਕਰਵਾਂਦੇ ਸਨ ਤੇ ਨਾਲੇ ਉਸਤਾਦਾਂ ਦੇ ਸਿਲਖਾਏ ਹੋਏ ਸ਼ਬਦ ਵੀ ਯਾਦ ਕਰਾਉਂਦੇ ਸਨ। ਭਾਈ ਸਾਹਿਬ ਜੀ ਦੱਸਦੇ ਸਨ ਕਿ ਮੈਂ ਡੰਡੇ ਨਾਲ ਹੀ ਰਿਆਜ਼ ਕੀਤਾ ਹੈ ਅਤੇ ਡੰਡੇ ਨਾਲ ਹੀ ਘਿਉ ਖਾਧਾ ਹੈ।

ਭਾਈ ਸੰਤੋਖ ਸਿੰਘ ਜੀ ਭਾਵੇਂ ਆਪ ਰਬਾਬੀ ਖਾਨਦਾਨ ਵਿਚੋਂ ਨਹੀਂ ਸਨ ਪਰ ਕਿਉਂਕਿ ਆਪ ਜੀ ਪੁਰਾਣੇ ਰਬਾਬੀ ਰਾਗੀਆਂ ਕੋਲੋਂ ਹੀ ਸਿੱਖੇ ਹੋਏ ਸਨ ਇਸ ਕਰਕੇ ਸਾਰੇ ਰਬਾਬੀ ਖਾਨਦਾਨ ਦੇ ਕੀਰਤਨੀਏ, ਆਪ ਜੀ ਦਾ ਬਹੁਤ ਸਤਿਕਾਰ ਕਰਦੇ ਸਨ, ਜਿਹਨਾਂ ਵਿਚ ਭਾਈ ਧਰਮ ਸਿੰਘ ਜ਼ਖਮੀ ਜੀ, ਅਤੇ ਗੁਰਮੁਖ ਸਿੰਘ ਸਰਮੁੱਖ ਸਿੰਘ ਫਕਰ ਅਤੇ ਭਾਈ ਪਾਲ ਸਿੰਘ ਜਸਵੰਤ ਸਿੰਘ ਜੀ ਅਤੇ ਹੋਰ ਵੀ ਰਬਾਬੀ ਕੀਰਤਨੀਏ ਭਾਈ ਸਾਹਿਬ ਜੀ ਦਾ ਸਤਿਕਾਰ ਕਰਦੇ ਸਨ ਅਤੇ ਬਹੁਤ ਮਾਣ ਦੇਂਦੇ ਹਨ। ਅਸੀਂ ਜਦੋਂ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਪਟਿਆਲਾ ਵਿਖੇ ਕੀਰਤਨ ਦੀ ਸੇਵਾ ਕਰਦੇ ਸਾਂ, ਸਾਡੇ ਨਾਲ ਦੂਜਾ ਰਾਗੀ ਜੱਥਾ ਭਾਈ ਪਾਲ ਸਿੰਘ ਜਸਵੰਤ ਸਿੰਘ ਜੀ ਦਾ ਸੀ ਤੇ ਉਹਨੀਂ ਦਿਨੀਂ ਭਾਈ ਜਸਵੰਤ ਸਿੰਘ ਜੀ ਸੁਰਗਵਾਸ ਹੋ ਗਏ, ਉਹਨਾਂ ਦੇ ਪਾਠ ਦੇ ਭੋਗ 'ਤੇ ਭਾਈ ਪਾਲ ਸਿੰਘ ਜੀ ਨੇ ਭਾਈ ਸੰਤੋਖ ਸਿੰਘ ਜੀ ਨੂੰ ਹੀ ਕੀਰਤਨ ਲਈ ਉਚੇਚੇ


Hot millions®

Salad Bar & Restaurant

Serving Indian, Chinese, Continental & Italian Food
with a regular Indian & Salad Buffet



For Free Home Delivery
(above Rs. 100/- )

CHD 2723333 SALAD BAR 2723222
PKL 2579888 MOH 2264300



CONTAINS NO FRUIT / CONTAINS ADDED FLAVOUR

SCO 76-79,(First Floor) Sector 17-E, Chandigarh. Tel: 272322, 2723111, 2704858

PEPSI

ਤੌਰ 'ਤੇ ਬੁਲਾਇਆ ਸੀ।

ਭਾਈ ਸੰਤੋਖ ਸਿੰਘ ਜੀ ਪ੍ਰਚਲਤ ਤਾਲਾਂ ਤੋਂ ਇਲਾਵਾ, ਧਮਾਰ, ਆੜਾ ਚੌਤਾਲਾ, ਪੰਜ ਤਾਰ ਦੀ ਸਵਾਰੀ, ਫਰੋਦਸਤ, ਝੁਮਰਾ, ਖਟਤਾਲ ਅਤੇ ਹੋਰ ਵੀ ਬਿਖੜੇ ਅਤੇ ਔਖੇ ਤਾਲ ਇੰਝ ਆਸਾਨੀ ਨਾਲ ਗਾ ਲੈਂਦੇ ਹਨ ਜਿਵੇਂ ਲੋਕ ਦਾਦਰਾ ਅਤੇ ਕਹਿਰਵਾ ਗਾ ਲੈਂਦੇ ਹਨ। ਭਾਈ ਸਾਹਿਬ ਜੀ ਰਾਗਦਾਰੀ ਵਿਚ ਬਹੁਤ ਮਾਹਿਰ ਸਨ ਅਤੇ ਉਹ ਕਿੰਨੇ ਕੁ ਰਾਗ ਜਾਣਦੇ ਸਨ ਇਹ ਗਿਣਤੀ ਕਰਨੀ ਤਾਂ ਮੁਸ਼ਕਲ ਹੈ, ਪਰ ਜਿੰਨੇ ਕੁ ਰਾਗਾਂ ਦੀ ਮੈਨੂੰ ਜਾਣਕਾਰੀ ਹੈ, ਜਾਂ ਜੋ ਉਹਨਾਂ ਤੋਂ ਸੁਣੇ ਹਨ, ਉਹ ਮੈਂ ਦੱਸਣ ਕੀ ਕੋਸ਼ਿਸ਼ ਕਰਾਂਗਾ। ਇਹ ਉਹ ਰਾਗ ਹਨ ਜਿਹਨਾਂ ਬਾਰੇ ਭਾਈ ਸਾਹਿਬ ਜੀ ਆਪ ਮੈਨੂੰ ਦੱਸਦੇ ਰਹੇ ਤੇ ਜਾਂ ਮੈਂ ਉਹਨਾਂ ਕੋਲੋਂ ਕੁਝ ਸੁਣੇ ਅਤੇ ਸਿੱਖੇ ਵੀ ਹਨ। ਇਹਨਾਂ ਰਾਗਾਂ ਦਾ ਜ਼ਿਕਰ ਅੰਮ੍ਰਿਤ ਕੀਰਤਨ ਦੇ ਪਹਿਲੇ ਅੰਕਾਂ ਵਿਚ ਛਪ ਚੁੱਕਾ ਹੈ।

ਭਾਈ ਸੰਤੋਖ ਸਿੰਘ ਜੀ ਦੱਸਦੇ ਸਨ ਕਿ ਜਦੋਂ ਪਿਤਾ ਜੀ ਨੇ ਸਮਝ ਲਿਆ ਕਿ ਮੈਂ ਆਪਣੀ ਮਿਹਨਤ ਸਦਕਾ ਰਾਗੀ ਬਣ ਗਿਆ ਹਾਂ, ਤਾਂ ਉਹ ਮੈਨੂੰ ਸ਼੍ਰੋਮਣੀ ਕਮੇਟੀ ਕੋਲ ਅੰਮ੍ਰਿਤਸਰ ਲੈ ਗਏ ਤੇ ਸ਼੍ਰੋਮਣੀ ਕਮੇਟੀ ਨੇ ਬਾਬਾ ਅਟਲ ਜੀ ਦੇ ਗੁਰਦੁਆਰੇ ਇਹਨਾਂ ਦੀ ਕੀਰਤਨ ਦੀ ਸੇਵਾ ਲਾ ਦਿੱਤੀ ਤੇ ਇਹਨਾਂ ਦੀ ਡਿਊਟੀ ਬਿਲਾਵਲ ਦੀ ਚੌਕੀ ਦਾ ਕੀਰਤਨ ਕਰਨ ਤੇ ਲਾਈ ਅਤੇ ਇਹਨਾਂ ਦੇ ਪਿਤਾ ਜੀ ਨਾਲ ਤਾਨਪੁਰਾ ਲੈ ਕੇ ਬੈਠਦੇ ਸਨ।

ਉਹਨਾਂ ਦਿਨਾਂ ਵਿਚ ਭਾਈ ਸਮੁੰਦ ਸਿੰਘ ਜੀ, ਸ੍ਰੀ ਨਨਕਾਣਾ ਸਾਹਿਬ ਦੇ ਹਜ਼ੂਰੀ ਰਾਗੀ ਸਨ ਅਤੇ ਭਾਈ ਸੰਤੋਖ ਸਿੰਘ ਜੀ ਤਕਰੀਬਨ ਹਰ ਸਾਲ ਨਨਕਾਣਾ ਸਾਹਿਬ ਦਰਸ਼ਨ ਕਰਨ ਜਾਂਦੇ ਸਨ ਤੇ ਜਦੋਂ ਵੀ ਭਾਈ ਸੰਤੋਖ ਸਿੰਘ ਜੀ ਨਨਕਾਣਾ ਸਾਹਿਬ ਜਾਂਦੇ ਸਨ ਤਾਂ ਭਾਈ ਸਮੁੰਦ ਸਿੰਘ ਜੀ ਆਪਣੀ ਥਾਂ ਤੇ ਕੀਰਤਨ ਕਰਨ ਲਈ ਇਹਨਾਂ ਨੂੰ ਬਿਠਾ ਦੇਂਦੇ। ਆਪ ਸਰੋਤੇ ਬਣ ਕੇ ਸਾਹਮਣੇ ਬੈਠ ਜਾਂਦੇ ਸਨ। ਉਦੋਂ ਤੋਂ ਹੀ ਭਾਈ ਸਮੁੰਦ ਸਿੰਘ ਜੀ ਤੇ ਭਾਈ ਸੰਤੋਖ ਸਿੰਘ ਜੀ ਦਾ ਆਪਸ ਵਿਚ ਬਹੁਤ ਪਿਆਰ ਕਰਦੇ ਸਨ। ਇਹ


## POSITIVE THINKING

- We always feel that God never comes on time when we call him. But truth is he is always on time but we are always in hurry.
- Stop worrying about what you have to loose and start focusing on what you have to gain.
- Soft nature of a person does not mean weakness. Remember nothing is softer than water but its force can break the strongest of the rock.
- A Leader is one who knows the way, goes the way and shows the way.
- Treat everyone with politeness even those who are rude to you. Not because they are not nice but because you are nice.

***With best Compliments from a Well Wisher***

ਮਹਾਂਪੁਰਸ਼ ਇਕ ਦੂਜੇ ਦਾ ਬਹੁਤ ਸਤਿਕਾਰ ਕਰਦੇ ਸਨ, ਜੇ ਕਿਤੇ ਭਾਈ ਸਮੁੰਦ ਸਿੰਘ ਜੀ ਕੋਈ ਪ੍ਰੋਗਰਾਮ ਕਰਨ ਤਾਂ ਉਹ ਭਾਈ ਸੰਤੋਖ ਸਿੰਘ ਜੀ ਨੂੰ ਜ਼ਰੂਰ ਬੁਲਾਉਂਦੇ ਸਨ ਅਤੇ ਜੇ ਕਿਤੇ ਭਾਈ ਭਾਈ ਸੰਤੋਖ ਸਿੰਘ ਜੀ ਕੋਈ ਪ੍ਰੋਗਰਾਮ ਕਰਵਾਉਣ ਤਾਂ ਉਹ ਭਾਈ ਸਮੁੰਦ ਸਿੰਘ ਜੀ ਨੂੰ ਜ਼ਰੂਰ ਬਲਾਂਦੇ ਸਨ। ਇਕ ਵਾਕਿਆ ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਗੁਰੂ ਨਾਨਕ ਸਾਹਿਬ ਜੀ ਦਾ ਪੰਜ ਸੌ ਸਾਲਾ ਪ੍ਰਕਾਸ਼ ਦਿਵਸ ਆਉਣ ਵਾਲਾ ਸੀ, ਉਨ੍ਹੀਂ ਦਿਨੀ ਲੁਧਿਆਣੇ ਵਿਖੇ ਇਕ ਕੀਰਤਨ ਦਰਬਾਰ ਦਾ ਪ੍ਰੋਗਰਾਮ ਰੱਖਿਆ ਗਿਆ, ਜਿਸ ਵਿਚ ਉਸ ਸਮੇਂ ਦੇ ਸਭ ਉੱਚ ਕੋਟੀ ਦੇ ਰਾਗੀ ਜਥੇ ਸ਼ਾਮਲ ਹੋਏ ਸਨ। ਜਿਹਨਾਂ ਵਿਚ ਭਾਈ ਸਮੁੰਦ ਸਿੰਘ ਜੀ ਤੋਂ ਇਲਾਵਾ, ਭਾਈ ਧਰਮ ਸਿੰਘ ਜ਼ਖਮੀ, ਸੰਤ ਬਹਾਦਰ ਸਿੰਘ ਜਲੰਧਰ ਵਾਲੇ, ਭਾਈ ਸੰਤਾ ਸਿੰਘ ਕੰਵਲ, ਭਾ. ਕਰਤਾਰ ਸਿੰਘ ਨਨਕਾਣੇ ਵਾਲੇ, ਭਾਈ ਪਾਲ ਸਿੰਘ ਜਸਵੰਤ ਸਿੰਘ, ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਦਿੱਲੀ ਵਾਲੇ ਤੋਂ ਇਲਾਵਾ ਭਾਈ ਸੰਤੋਖ ਸਿੰਘ ਜੀ ਨੂੰ ਸੱਦਿਆ ਗਿਆ। ਦਾਸ ਉਦੋਂ ਭਾਈ ਸਾਹਿਬ ਨਾਲ ਸਹਾਇਕ ਰਾਗੀ ਸੀ। ਇਹਨਾਂ ਵਿਚੋਂ ਕੁਛ ਰਾਗੀ ਜੱਥੇ ਜੋ ਕਿ ਦਿਲ ਰੁਬਾ ਨਾਲ ਵੀ ਕੀਰਤਨ ਕਰਦੇ ਸਨ, ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਦਾ ਸ਼ਬਦ ਹੋਵੇ ਤੇ ਜਿਸ ਰਾਗ ਵਿਚ ਸ਼ਬਦ ਉਚਾਰਿਆ ਹੋਵੇ ਉਸੇ ਰਾਗ ਵਿਚ ਹੀ ਗਾਇਆ ਜਾਣਾ ਸੀ ਤੇ ਇਸ ਪ੍ਰੋਗਰਾਮ ਵਿਚ ਸਭ ਤੋਂ ਆਖਰੀ ਵਾਰੀ ਸੰਤੋਖ ਸਿੰਘ ਜੀ ਦੀ ਸੀ ਤੇ ਜਦੋਂ ਭਾਈ ਸਾਹਿਬ ਜੀ ਕੀਰਤਨ ਸ਼ੁਰੂ ਕਰਨ ਲੱਗੇ ਤਾਂ ਜਿੰਨੇ ਵੀ ਰਾਗੀ ਸਿੰਘ ਆਏ ਸਨ, ਸਾਰੇ ਦੇ ਸਾਰੇ ਹੀ ਭਾਈ ਸਾਹਿਬ ਜੀ ਦਾ ਕੀਰਤਨ ਬੈਠ ਗਏ ਅਤੇ ਵਿਚਕਾਰ ਭਾਈ ਸਮੁੰਦ ਸਿੰਘ ਜੀ ਬੈਠੇ ਸਨ ਤੇ ਬਾਕੀ ਸਾਰੇ ਰਾਗੀ ਉਹਨਾਂ ਦੇ ਦੁਆਲੇ ਬੈਠ ਗਏ। ਭਾਈ ਸੰਤੋਖ ਸਿੰਘ ਜੀ ਨੇ ਦੋ ਸ਼ਬਦ, ਇਕ ਰਾਗ ਤਿਲੰਗ ਵਿਚ ਅਤੇ ਇਕ ਰਾਗ ਸੂਹੀ ਵਿਚੋਂ ਗਾਇਨ ਕੀਤੇ। ਭਾਈ ਸਾਹਿਬ ਜੀ ਵਾਜਾ ਹਾਰਮੋਨੀਅਮ ਵੀ ਬਹੁਤ ਕਮਾਲ ਦਾ ਵਜਾਉਂਦੇ ਸਨ, ਖਾਲੀ ਪੀਸ ਉਹ ਹਰ ਵਾਰ ਨਵੇਂ ਤੋਂ ਨਵਾਂ ਵਜਾਉਂਦੇ ਸਨ ਅਤੇ ਐਸਾ ਗਾਇਆ ਕਿ ਭਾਈ ਸਾਹਿਬ ਪ੍ਰੋਗਰਾਮ ਤੇ ਛਾਅ ਗਏ, ਸਭ ਰਾਗੀਆਂ ਤੇ ਅਤੇ ਭਾਈ ਸੰਤੋਖ ਸਿੰਘਦੀ ਗਾਇਕੀ ਸੁਣ ਕੇ ਭਾਈ ਸਮੁੰਦ ਸਿੰਘ ਜੀ ਨੇ ਸਭ ਰਾਗੀ ਰਾਗੀਆਂ ਨੂੰ ਮੁਖਾਤਿਬ ਕਰ ਕੇ ਕਿਹਾ ਕਿ ਦੇਖੋ ਇਸ ਨੂੰ ਗਾਇਕੀ ਕਹਿੰਦੇ ਹਨ, ਤੁਸੀਂ ਕੋਈ ਦਿਲਰੁਬਾ ਲਈ ਫਿਰਦੇ ਹੋ, ਕੋਈ ਤਾਨਪੁਰਾ ਤੇ ਕੋਈ ਵਾਇਲਨ ਵਜਾ ਰਿਹਾ ਸੀ। ਔਹ ਦੇਖੋ, ਭਾਈ ਸੰਤੋਖ ਸਿੰਘ ਨੇ ਵਾਜੇ ਵਿਚੋਂ ਹੀ ਸਾਰੇ ਸਾਜ਼ ਵਜਾ ਦਿੱਤੇ ਹਨ ਤੇ ਸਭ ਤੇ ਛਾਅ ਗਏ ਨੇ, ਇਸ ਨੂੰ ਗਾਇਕੀ ਕਹਿੰਦੇ ਹਨ।

ਇਸੇ ਤਰ੍ਹਾਂ ਫਿਰ ਇਕ ਵਾਰ ਭਾਈ ਸੰਤੋਖ ਸਿੰਘ ਜੀ ਨੇ, ਅੰਬਾਲਾ ਛਉਣੀ ਅਤੇ ਸ਼ਹਿਰ ਦੇ ਸਾਰੇ


## IF YOU WANT TO DONATE

for Amrit Kirtan Magazine & Kirtan CD Sewa, you can send by Money Orders, Demand Drafts, Cheque to Amrit Kirtan Trust, # 422, Sector 15-A, Chandigarh or deposit online direct in Amrit Kirtan Trust Account No. 65079603302. FIC code State Bank of Patiala, IFS Code STBP 0000240, Sector 22-B, Chandigarh. For more information contact : Dr. Jagir Singh, Mobile : 09814053630

ਰਾਗੀ ਸਿੰਘਾਂ ਦੀ ਮੀਟਿੰਗ ਬੁਲਾਈ ਤੇ ਉਸ ਸਭਾ ਵਿਚ ਦੋਹਾਂ ਸ਼ਹਿਰਾਂ ਦੇ ਰਾਗੀ ਸਿੰਘਾਂ ਨੇ ਮਿਲ ਕੇ ਰਾਗੀ ਸਭਾ ਕਾਇਮ ਕੀਤੀ ਅਤੇ ਭਾਈ ਸੰਤੋਖ ਸਿੰਘ ਜੀ ਨੂੰ ਰਾਗੀ ਸਭਾ ਦਾ ਪ੍ਰਧਾਨ ਥਾਪਿਆ ਗਿਆ, ਉਸ ਸਮੇਂ ਰਾਗੀ ਸਭਾ ਨੇ ਇਕ ਗੁਰਮਤਿ ਸਮਾਗਮ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਤੇ ਰੱਖਿਆ। ਉਸ ਸਮਾਗਮ ਵਿਚ ਭਾਈ ਸੰਤੋਖ ਸਿੰਘ ਜੀ ਨੇ, ਭਾਈ ਸਮੁੰਦ ਸਿੰਘ ਅਤੇ ਭਾਈ ਧਰਮ ਸਿੰਘ ਜ਼ਖਮੀ ਜੀ ਨੂੰ ਉਚੇਚੇ ਤੌਰ 'ਤੇ ਸੱਦਾ ਦਿੱਤਾ ਅਤੇ ਬਾਕੀ ਰਾਗੀ ਜੱਥੇ ਅੰਬਾਲਾ ਸ਼ਹਿਰ ਅਤੇ ਛਾਉਣੀ ਦੇ ਲੋਕਲ ਜੱਥੇ ਸਨ ਅਤੇ ਇਹ ਪ੍ਰੋਗਰਾਮ ਬਹੁਤ ਅੱਛਾ ਚੱਲਿਆ। ਭਾਈ ਸੰਤੋਖ ਸਿੰਘ ਨੇ ਆਪ ਉਹਦੇ ਵਿਚ ਹਿੱਸਾ ਨਹੀਂ ਲਿਆ। ਬਸ ਉਹ ਦੂਜੇ ਰਾਗੀਆਂ ਨੂੰ ਹੀ ਸੁਣਦੇ ਰਹੇ ਅਤੇ ਰਾਗੀ ਸਿੰਘਾਂ ਦੀ ਸੇਵਾ ਹੀ ਕਰਦੇ ਰਹੇ। ਅਖੀਰ ਵਿਚ ਸਾਰੇ ਰਾਗੀ ਸਿੰਘਾਂ ਨੇ ਜ਼ੋਰ ਦਿੱਤਾ ਕਿ ਭਾਈ ਸਾਹਿਬ ਵੀ ਹਾਜ਼ਰੀ ਭਰਨ ਤੇ ਸੰਗਤ ਨੂੰ ਕੀਰਤਨ ਸੁਨਾਣ, ਸੋ ਸਭ ਦੇ ਜ਼ੋਰ ਦੇਣ ਤੇ ਆਪ ਜੀ ਕੀਰਤਨ ਕਰਨਾ ਮੰਨ ਗਏ ਤੇ ਜਦੋਂ ਭਾਈ ਸੰਤੋਖ ਸਿੰਘ ਜੀ ਸਟੇਜ ਬੈਠ ਗਏ ਤਾਂ ਭਾਈ ਸਮੁੰਦ ਸਿੰਘ ਅਤੇ ਭਾਈ ਧਰਮ ਸਿੰਘ ਜ਼ਖਮੀ ਤੇ ਹੋਰ ਸਾਰੇ ਰਾਗੀ ਸਾਹਮਣੇ ਸੁਣਨ ਵਾਸਤੇ ਬੈਠ ਗਏ ਭਾਈ ਸਾਹਿਬ ਵਿਚ ਇਕ ਇਹ ਵਿਸ਼ੇਸ਼ਤਾ ਸੀ ਕਿ ਆਪ ਜੀ ਕੀਰਤਨ ਆਰੰਭ ਕਰਨ ਵਾਲੇ, ਇਕਤਾਲ ਦਾ ਠੇਕਾ ਤਬਲੇ ਤੋਂ ਰਖਾ ਕੇ ਖਿਆਲ ਸ਼ੈਲੀ ਵਿਚ ਡੰਡਉਤ ਬੰਦਨਾਂ ਗਾਇਨ ਕਰਦਿਆਂ ਰਾਗ ਦਾ ਪੂਰਾ ਸਰੂਪ ਬਣਾ ਦੇਂਦੇ ਸਨ ਅਤੇ ਘੱਟੋ ਘੱਟ ਅੱਧਾ ਘੰਟਾ ਰਾਗਦਾਰੀ ਕੀਰਤਨ ਕਰਦੇ ਸਨ ਅਤੇ ਭਾਈ ਸਾਹਿਬ ਜੀ ਨੇ ਰਾਗ ਭੈਰਵੀ ਸ਼ੁਰੂ ਕੀਤਾ ਤੇ ਅੱਧੇ ਘੰਟੇ ਵਿਚ ਸਿਰਫ ਰਾਗ ਭੈਰਵੀ ਵਿਚ ਇਕ ਸ਼ਬਦ ਹੀ ਪੜ੍ਹਿਆ ਤੇ ਉਸ ਵਿਚ ਤਕਰੀਬਨ ਦਸ ਪ੍ਰਕਾਰ ਦੀ ਭੈਰਵੀ ਭਾਈ ਸਾਹਿਬ ਜੀ ਨੇ ਗਾ ਕੇ ਸੁਣਾਈ ਅਤੇ ਨਾਲ ਇਹ ਵੀ ਦੱਸਿਆ ਕਿ ਉਤਰੀ ਭਾਰਤ ਅਤੇ ਦੱਖਣੀ ਭਾਰਤ ਅਤੇ ਬੰਗਾਲ ਅਤੇ ਪੰਜਾਬ ਵਿਚ ਕਿਵੇਂ ਕਿਵੇਂ ਗਾਈ ਜਾਂਦੀ ਹੈ। ਭਾਈ ਸੰਤੋਖ ਸਿੰਘ ਜੀ ਨੇ ਐਸਾ ਸਮਾਂ ਬੰਨ੍ਹਿਆ ਕਿ ਭਾਈ ਸਮੁੰਦ ਸਿੰਘ ਜੀ ਤੇ ਭਾਈ ਧਰਮ ਸਿੰਘ ਜ਼ਖਮੀ ਜੀ ਦੋਹਾਂ ਨੇ ਉੱਠ ਕੇ ਪੰਜ ਪੰਜ ਸੌ ਰੁਪਏ ਭਾਈ ਸੰਤੋਖ ਸਿੰਘ ਦੇ ਵਾਜੇ 'ਤੇ ਭੇਟਾ ਵਜੋਂ ਰੱਖ ਦਿੱਤੇ।

Mobile : 9780708747


**THE SIKH REVIEW**
(A Monthly Magazine)

116, Karnani Mansion
25-A, Park Street, Kolkata

ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

**ਗੁਰਸਿੱਖ ਸੰਜੋਗ** ਪੰਦਰਾ-ਰੋਜ਼ਾ ਪੱਤਰ

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਪੂਸਾ ਰੋਡ,
ਨਵੀਂ ਦਿੱਲੀ 110 060 ਫੋਨ : 25862955

# ਗੁਰਮਤਿ ਸੰਗੀਤ ਏਕਤਾ ਦਾ ਪ੍ਰਤੀਕ

ਰੁਪਿੰਦਰ ਕੌਰ ਬੈਂਸ

'ਏਕਤਾ' ਦਾ ਸ਼ਾਬਦਿਕ ਅਰਥ ਹੈ – 'ਮੇਲ ਜੋਲ' ਅਰਥਾਤ ਕਈ ਵਸਤੂਆਂ ਜਾਂ ਪ੍ਰਾਣੀਆਂ ਆਦਿ ਦਾ ਇੱਕ ਜੁੱਟ ਹੋ ਜਾਣਾ।

'ਏਕਤਾ' ਦਾ ਜੀਵਨ ਦੇ ਹਰੇਕ ਖੇਤਰ ਵਿੱਚ ਵਿਸ਼ੇਸ਼ ਮਹੱਤਵ ਹੈ। ਕੁਦਰਤ ਦੀ ਸਮੁੱਚੀ ਕਾਇਨਾਤ ਵੀ ਇਸ ਏਕਤਾ ਦੇ ਸੂਤਰ ਵਿੱਚ ਬੰਨੀ ਹੋਈ ਹੈ। ਜੇ ਪ੍ਰਕ੍ਰਿਤੀ ਵਿੱਚ ਸੂਰਜ, ਚੰਦ ਅਤੇ ਨਛੱਤਰਾਂ ਦੀ ਏਕਤਾ ਨਾ ਹੋਵੇ ਤਾਂ ਵਿਨਾਸ਼ ਹੋ ਜਾਵੇਗਾ। ਇਸੇ ਤਰਾਂ ਸਭ ਰੁਤਾਂ ਵਿੱਚ ਏਕਤਾ ਹੋਣ ਦੇ ਕਾਰਣ ਹੀ ਇੱਕ 'ਰੁੱਤ–ਚੱਕਰ' ਬਣਦਾ ਹੈ। ਜਿਸ ਨਾਲ ਸੰਸਾਰ ਦੇ ਸਭ ਕਾਰਜ ਕ੍ਰਮ ਅਨੁਸਾਰ ਚਲਦੇ ਹਨ।

ਜੇ ਦੇਖਿਆ ਜਾਵੇ ਤਾਂ ਮ ਨੁੱਖੀ ਸ਼ਰੀਰ ਵੀ ਸਮੂਹ ਅੰਗਾਂ ਦੀ ਏਕਤਾ ਤੇ ਨਿਰਭਰ ਰਹਿੰਦਾ ਹੈ। ਸਰੀਰ ਦੇ ਸਭ ਅੰਗਾਂ ਦੀਆਂ ਕ੍ਰਿਆਵਾਂ ਵਿੱਚ ਜਦੋਂ ਤੱਕ ਅਨੁਸ਼ਾਸਨ ਰਹਿੰਦਾ ਹੈ ਤਦ ਤਕ ਮਨੁੱਖ ਸਿਹਤਮੰਦ ਰਹਿੰਦਾ ਹੈ, ਜਦੋਂ ਇਨ੍ਹਾਂ ਦੀ ਏਕਤਾ ਘਟਦੀ ਹੈ ਜਾਂ ਕੋਈ ਕ੍ਰਿਆ ਦੂਸਰੀ ਨੂੰ ਸਹਿਯੋਗ ਦੇਣਾ ਬੰਦ ਕਰ ਦਿੰਦੀ ਹੈ ਤਾਂ ਸਿਹਤ ਖਰਾਬ ਹੋ ਜਾਂਦੀ ਹੈ ਅਤੇ ਜਦੋਂ ਜਿਆਦਾ ਵਿਰੋਧ ਹੋ ਜਾਂਦਾ ਹੈ ਤਾਂ ਮਨੁੱਖ ਦੀ ਜੀਵਨ ਲੀਲਾ ਹੀ ਸਮਾਪਤ ਹੋ ਜਾਂਦੀ ਹੈ। ਇਸ ਤਰ੍ਹਾਂ ਏਕਤਾ ਵਿੱਚ ਹੀ ਪ੍ਰਾਣ ਹੈ। ਇਸ ਦੀ ਪੁਸ਼ਟੀ ਗੁਰਮਤਿ ਵਿੱਚ ਵੀ ਪ੍ਰਵਾਣਿਤ ਹੈ

"ਪੰਚ ਤਤੁ ਮਿਲ ਦੇਹੀ ਕਾ ਅਕਾਰਾ

ਘਟਿ ਵਧਿ ਕੋ ਕਰੈ ਬੀਚਾਰਾ।"[1]

ਪ੍ਰਕ੍ਰਿਤੀ ਨਾਲ ਸਬੰਧਿਤ ਵਸਤੂਆਂ ਜਿਵੇਂ ਪ੍ਰਾਣੀ, ਜੜ, ਚੇਤੰਨ ਅਤੇ ਅਚੇਤਨ ਸਭ ਵਿੱਚ ਕਿਸੇ ਨਾ ਕਿਸੇ ਰੂਪ ਵਿੱਚ ਇੱਕ ਅਨੁਸ਼ਾਸਨ, ਮੌਜੂਦ ਰਹਿੰਦਾ ਹੈ। ਬ੍ਰਹਿਮੰਡੀ ਗਤੀਆਂ ਦਾ ਅਨੁਸ਼ਾਸਨ ਜਾਂ ਮੇਲ 'ਅਨਹਦ ਨਾਦ' ਹੈ। ਮੇਲ ਭਾਵੇਂ ਸੁਰਾਂ ਦਾ ਹੋਵੇ, ਭਾਵੇਂ ਗ੍ਰਹਿਆਂ ਦਾ, ਭਾਵੇਂ ਵਿਚਾਰਾਂ ਦਾ ਹੋਵੇ ਜਾਂ ਸੁਰਤਾਂ ਦਾ, ਹਰ ਇੱਕ ਵਿੱਚ ਅਨੁਸ਼ਾਸਨ ਦੀ ਹੋਂਦ ਸਾਂਝੀ ਹੁੰਦੀ ਹੈ। ਇਹ ਅਨੁਸ਼ਾਸਨ ਹੀ ਸਮੁੱਚੇ ਬ੍ਰਹਿਮੰਡ ਨੂੰ ਏਕਤਾ ਦੇ ਸੂਤਰ ਵਿੱਚ ਬੰਨ੍ਹ ਕੇ ਗਤੀ ਪ੍ਰਦਾਨ ਕਰਦਾ ਹੈ।

ਅਨੁਸ਼ਾਸਨਬਧ ਧੁਨੀਆਂ ਨੂੰ 'ਸੰਗੀਤ' ਕਿਹਾ ਜਾਂਦਾ ਹੈ। ਜੇ ਇਹਨਾਂ ਧੁਨੀਆਂ ਵਿੱਚ ਇਕਸੁਰਤਾ ਨਹੀਂ ਤਾਂ ਇਹ ਸ਼ੋਰ ਹੈ ਸੰਗੀਤ ਨਹੀਂ। ਸੰਗੀਤ ਅਤੇ ਅਨੁਸ਼ਾਸਨ ਵੱਖ ਹੋ ਹੀ ਨਹੀਂ ਸਕਦੇ। ਸੰਗੀਤ ਜਿਥੇ ਸਾਡੀ ਰੂਹ ਦੀ ਖੁਰਾਕ ਅਤੇ ਆਤਮਕ ਅਨੰਦ ਦਾ ਸਾਧਨ ਹੈ ਉੱਥੇ ਹੀ ਇਹ ਸਾਨੂੰ ਇੱਕ ਸੁੱਚੱਜੀ ਜੀਵਨ ਜਾਚ ਦੀ ਵੀ ਪ੍ਰੇਰਨਾ ਦਿੰਦਾ ਹੈ। ਸੰਗੀਤ ਦੀ ਲੈਅ ਮਨੁੱਖ ਦੇ ਖਿੰਡੇ–ਪੁੰਡੇ ਵਿਚਾਰਾਂ ਨੂੰ ਇੱਕ ਸੁਰ ਕਰਕੇ ਏਕਤਾ ਪ੍ਰਦਾਨ ਕਰਦੀ ਹੈ। "ਏਕਤਾ ਵਿੱਚ ਅਨੇਕਤਾ ਅਤੇ ਅਨੇਕਤਾ ਵਿੱਚ ਏਕਤਾ

ਦੀ ਸੌਖੀ ਵਿਆਖਿਆ ਗੁਰਬਾਣੀ ਵਿੱਚ ਮਿਲਦੀ ਹੈ।"[2] ਸ੍ਰੀ ਗੁਰੂ ਗ੍ਰੰਥ ਸਾਹਿਬ ਿ ਵੱਚ ਏਕਤਾ ਦਾ ਪ੍ਰਗਟਾਵਾ ਭਿੰਨ-ਭਿੰਨ ਰੂਪਾਂ ਵਿੱਚ ਮਿਲਦਾ ਹੈ। ਜਿਵੇਂ ਮਨੁੱਖੀ ਏਕਤਾ, ਪ੍ਰਕ੍ਰਿਤੀ ਦੀ ਏਕਤਾ, ਗੁਰੂਆਂ ਦੀ ਏਕਤਾ ਅਤੇ ਸਾਧ ਸੰਗਤ ਵਿੱਚ ਰਹਿ ਕੇ 'ਨਾਮ' ਦੇ ਮਾਧਿਅਮ ਦੁਆਰਾ 'ਨਾਮੀ' ਨਾਲ ਏਕਤਾ ਸਥਾਪਤ ਕਰਨ ਦਾ ਪਵਿੱਤਰ ਸੁਨੇਹਾ ਹੈ।

ਗੁਰਬਾਣੀ ਦੇ ਰਚਣਹਾਰ ਗੁਰੂ ਸਾਹਿਬਾਨ ਨੇ ਆਪਣੇ ਇਸ ਸੁਨੇਹੇ ਨੂੰ ਜਨ ਸਧਾਰਣ ਤੱਕ ਪਹੁੰਚਾਉਣ ਅਤੇ ਆਪਣੇ ਸੁਹਜਮਈ, ਵਿਚਾਰਾਂ ਨਾਲ ਮੇਲ ਖਾਂਦੇ ਇੱਕਮਾਤਰ ਸਾਧਨ 'ਸੰਗੀਤ' ਨੂੰ ਆਪਣੇ ਸਿਧਾਂਤਾਂ ਨਾਲ ਇਕਸੁਰ ਕਰਕੇ 'ਗੁਰਮਤਿ ਸੰਗੀਤ' ਦੇ ਰੂਪ ਵਿੱਚ ਪ੍ਰਵਾਹਿਤ ਕੀਤਾ। ਸੰਗੀਤ ਦੇ ਮੁੱਖ ਤੱਤ-ਸਵਰ, ਸ਼ਬਦ, ਲੈਅ ਅਤੇ ਭਾਵ ਦਿਮਾਗ ਨੂੰ ਇੱਕ ਪਾਸੇ ਅਧਿਕ ਸਮੇਂ ਤੱਕ ਕੇਂਦਰਿਤ ਕਰਨ ਦੀ ਸਮਰਥਾ ਰੱਖਦੇ ਹਨ। "ਸੰਗੀਤ ਦੁਆਰਾ ਜਨਤਾ ਦੇ ਮਨ ਨੂੰ ਭਾਵਾਤਮਕ ਏਕਤਾ ਦੇ ਵੱਲ ਲੈ ਜਾਣ ਦਾ ਢੰਗ ਅਤਿਅੰਤ ਮਨੋਵਿਗਿਆਨਿਕ ਹੈ।"[3]

ਗੁਰਮਤਿ ਸੰਗੀਤ ਦੇ ਸੋਮੇ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਸ਼ੁਰੂਆਤ ਹੀ '੧ੴ' ਤੋਂ ਕੀਤੀ ਗਈ ਹੈ ਅਰਥਾਤ 'ਇੱਕ ਪਰਮਾਤਮਾ'। ਇਹ ਪਰਮਾਤਮਾ ਦੀ ਅਖੰਡ ਅਤੇ ਪਰਮ ਸੱਤਾ ਦਾ ਸੂਚਕ ਹੈ। ਜਗਤ ਵਿੱਚ ਮੌਜੂਦ ਅਨੇਕਤਾ ਵਿੱਚ ਜੋ 'ਏਕਤਾ' ਹੈ ਉਹ ਉਸ ਇੱਕ ਪਰਮ ਸੱਤਾ ਦੇ ਕਾਰਣ ਹੀ ਹੈ। ਇਹ ਪਰਮਾਤਮਾ ਦੀ ਅਟੱਲ ਅਤੇ ਅਡੋਲ ਅਵਸਥਾ ਹੈ।

"ਏਕਮ ਏਕੰਕਾਰੁ ਨਿਰਾਲਾ

ਅਮਰੁ ਅਜੋਨੀ ਜਾਤਿ ਨਾ ਜਾਲਾ"[4]

ਗੁਰੂ ਅਰਜਨ ਦੇਵੀ ਨੇ ਈਸ਼ਵਰ ਦੀ ਏਕਤਾ ਦੇ ਸਿਧਾਂਤ ਨੂੰ ਜੋਰਦਾਰ ਅਰਥਾਂ ਵਿੱਚ ਦ੍ਰਿੜ ਕਰਾਉਂਦਿਆ 'ਰਾਗ ਗਉੜੀ' ਵਿੱਚ ਕਿਹਾ ਹੈ

"ਏਕੋ ਏਕੁ ਏਕੁ ਹਰਿ ਆਪ

ਪੂਰਨ ਪੂਰਿ ਰਹਿਓ ਪ੍ਰਭ ਬਿਆਪੁ"[5]

ਪਰਮਾਤਮਾ ਆਪ ਅਨੇਕ ਅਕਾਰਾਂ ਨੂੰ ਰਚਣ ਵਾਲਾ ਹੈ। ਉਹ ਉਨ੍ਹਾਂ ਅਕਾਰਾਂ ਵਿੱਚ ਆਪ, ਵਸ ਜਾਂਦਾ ਹੈ, ਇਸ ਲਈ ਇਕ ਤੋਂ ਅਨੇਕ ਵਿਖਾਈ ਦੇਣ ਲੱਗ ਪੈਂਦਾ ਹੈ, ਪ੍ਰੰਤੂ ਸਾਰਿਆਂ ਨੂੰ ਇੱਕ ਡੋਰੀ ਵਿੱਚ ਬੰਨ੍ਹ ਕੇ ਉਹ ਏਕਤਾ ਦਾ ਧਾਗਾ ਵੀ ਕਾਇਮ ਰੱਖਦਾ ਹੈ

ਉਅੰ ਗੁਰਮੁਖਿ ਕੀਓ ਅਕਾਰਾ। ਏਕਹਿ ਸਭਿ ਪਰੋਵਨਹਾਰਾ

ਭਿੰਨ-ਭਿੰਨ ਤ੍ਰੈਗੁਣ ਬਿਸਥਾਰੇ। ਨਿਰਗੁਣ ਤੇ ਸਰਗੁਨ ਦਿਸਟਾਰੇ ॥[6]

ਜਿਸ ਤਰਾਂ ਬਿਰਛ ਦਾ ਤਣਾ, ਟਾਹਣੀਆਂ, ਫੁਲ ਅਤੇ ਪੱਤੇ ਆਦਿ ਸਾਰੇ ਇਕ ਦੂਜੇ ਤੋਂ ਵੱਖਰੇ ਹੁੰਦੇ ਹੋਏ ਵੀ ਜੜ੍ਹ ਨੂੰ ਜੀਵਨ ਦਾ ਅਧਾਰ ਬਣਾਈ ਰੱਖਦੇ ਹਨ ਠੀਕ ਉਸੇ ਤਰ੍ਹਾਂ ਸ੍ਰਿਸ਼ਟੀ ਦਾ ਕਣ-ਕਣ, ਰਚਣਵਾਲੇ ਮੂਲ ਤੋਂ ਵਖਰਾ ਹੋ ਕੇ ਵੀ ਉਸ਼ ਨਾਲ ਏਕਤਾ ਬਣਾਈ ਰੱਖਦਾ ਹੈ।

"ਘਟ ਘਟ ਅੰਤਰ ਬ੍ਰਹਮ ਲੁਕਾਇਆ

ਘਟਿ ਘਟਿ ਜੋਤਿ ਸਬਾਈ"[7]

ਪਰਮਾਤਮਾ ਦੀ ਮਨੁੱਖ ਨਾਲ ਏਕਤਾ ਦਰਸਾ ਕੇ ਬ੍ਰਹਮ ਦੇ ਕਣ-ਕਣ ਵਿੱਚ ਵਿਆਪਕਤਾ ਦੀ ਚਰਚਾ ਕੀਤੀ ਗਈ ਹੈ

ਸਭਨਾ ਜੀਆਂ ਵਿਚ ਹਰਿ ਆਪ

ਸੋ ਭਗਤਾ ਕਾ ਮਿਤ ਹਰਿ ॥[8]

ਉਸ ਪਰਮਾਤਮਾ ਦੀ ਜੋਤ ਜਦ ਤਕ ਸ਼ਰੀਰ ਵਿੱਚ ਹੈ ਅਰਥਾਤ ਪ੍ਰਮਾਤਮਾ ਅਤੇ ਆਤਮਾ ਇੱਕ ਹਨ ਤਦ ਤੱਕ ਹੀ ਸ਼ਰੀਰ ਵਿੱਚ ਚਾਨਣ ਹੈ।

"ਸਭ ਮਹਿ ਜੋਤਿ ਜੋਤਿ ਹੈ ਸੋਇ

ਤਿਸਦੇ ਚਾਨਣਿ ਸਭ ਮਹਿ ਚਾਨਣ ਹੋਇ ॥"[9]

ਗੁਰਮਤਿ ਸਿਧਾਂਤ ਅਨੁਸਾਰ ਬ੍ਰਹਮ ਨੂੰ ਸ੍ਰਿਸ਼ਟੀ ਦਾ ਸਿਰਜਣਹਾਰ ਮੰਨ ਕੇ ਸ੍ਰਿਸ਼ਟੀ ਦੇ ਜੀਵਾਂ ਨੂੰ ਉਸਦੀ ਕਲਾਕ੍ਰਿਤੀ ਮੰਨਿਆ ਹੈ। ਕਲਾਕਾਰ ਅਤੇ ਕਲਾਕ੍ਰਿਤੀ ਦੀ ਆਪਸੀ ਏਕਤਾ ਨੂੰ ਗੁਰੂ ਰਾਮਦਾਸ ਜੀ ਉਜਾਗਰ ਕਰਦੇ ਹਨ

"ਤੁਧ ਆਪੇ ਸ੍ਰਿਸ਼ਟਿ ਸਭਿ ਉਪਾਈ ਜੀ

ਤੁਧ ਆਪੇ ਸਿਰਜਿ ਸਭ ਗੋਈ

ਜਨ ਨਾਨਕ ਗੁਣ ਗਾਵੈ ਕਰਤੇ ਕੇ ਜੀ

ਜੋ ਸਭਸੇ ਕਾ ਜਾਣੋਈ ॥"[10]

ਪੰਜਾਂ ਤੱਤਾਂ ਰਾਹੀਂ ਸ੍ਰਿਸ਼ਟੀ ਦੀ ਰਚਨਾ ਦਾ ਜ਼ਿਕਰ ਗੁਰਬਾਣੀ ਵਿੱਚ ਅਕਸਰ ਆਉਂਦਾ ਹੈ। ਸਮੁੱਚੀ ਸ੍ਰਿਸ਼ਟੀ ਦੇ ਵਿਭਿੰਨ ਤੱਤਾਂ ਦੀ ਏਕਤਾ ਦਰਸਾਉਂਦੇ ਹੋਏ ਕਿਹਾ ਹੈ

"ਰਾਤੀ ਰੁਤੀ ਥਿਤੀ ਵਾਰ

ਪਵਣ ਪਾਣੀ ਅਗਨੀ ਪਾਤਾਲ

ਤਿਸੁ ਵਿਚੁ ਧਰਤੀ ਥਾਪਿ ਰਖੀ ਧਰਮਮਾਲ

ਤਿਸੁ ਵਿਚਿ ਜੀਅ ਜੁਗਤ ਕੇ ਰੰਗ

ਤਿਨਕੇ ਨਾਮ ਅਨੇਕ ਅਨੰਤ ॥"[11]

ਗੁਰੂ ਅਰਜਨ ਦੇਵ ਜੀ ਨੇ ਸਾਰੇ ਜਗਤ ਨੂੰ ਹੀ ਪਰਮਾਤਮਾ ਦੇ ਸੂਤ ਵਿੱਚ ਪਿਰੋਇਆ ਦਸ ਕੇ ਸਮੁੱਚੀ ਮਾਨਵਤਾ ਦੀ ਏਕਤਾ ਦਾ ਸੰਦੇਸ਼ ਦਿੱਤਾ ਹੈ।

ਜਾ ਤਿਸੁ ਭਾਵੈ ਤਾਂ ਸ੍ਰਿਸਟਿ ਉਪਾਏ

ਆਪਨੇ ਭਾਣੈ ਲਏ ਸਮਾਇ

ਤੁਮਤੇ ਭਿੰਨ ਨਹੀਂ ਕਿਛੁ ਹੋਇ

ਆਪਨ ਸੂਤ ਸਭ ਜਗਤ ਪਰੋਇ ॥[12]

'ਗੁਰਮਤਿ ਸੰਗੀਤ' ਦੁਆਰਾ ਸਮੂਹ ਗੁਰੂ ਸਾਹਿਬਾਨ ਵਿੱਚ ਵੀ ਏਕਤਾ ਦਿਖਾਈ ਗਈ ਹੈ। ਦੱਸਾਂ ਗੁਰੂਆਂ ਦੇ ਇਕ ਜੋਤ ਹੋਣ ਦੀ ਪੁਸ਼ਟੀ ਇਤਿਹਾਸ ਕਰਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣੇ ਨੂੰ, ਗੁਰੂ ਅੰਗਦ ਦੇਵ ਜੀ ਨੇ ਬਾਬਾ ਅਮਰਦਾਸ ਜੀ ਨੂੰ ਅਤੇ ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਜੀ ਨੂੰ ਮੱਥਾ ਟੇਕਿਆ ਅਤੇ ਆਪਣੀ ਆਤਮਿਕ ਜੋਤ ਬਖਸ਼ੀ। ਇਹ ਸਿਲਸਿਲਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਨਿਰੰਤਰ ਜਾਰੀ ਰਿਹਾ

"ਦੀਪਕ ਤੇ ਦੀਪਕ ਪਰਗਾਸਿਆ, ਤ੍ਰਿਭਵਣ ਜੋਤਿ ਦਿਖਾਈ"[13]

ਇਸ ਏਕਤਾ ਦੀ ਲੜੀ ਨੂੰ ਇੱਕ ਤੱਤ ਹੋਰ ਵੀ ਮਜ਼ਬੂਤ ਕਰਦਾ ਹੈ ਕਿ ਸਭ ਗੁਰੂਆਂ ਦੁਆਰਾ

ਰਚਿਤ ਬਾਣੀ ਵਿੱਚ 'ਨਾਨਕ' ਪਦ ਹੀ 'ਮੋਹਰ-ਛਾਪ' ਵਜੋਂ ਵਰਤਿਆ ਹੈ ਜੋ ਇਸ ਗੱਲ ਦਾਸੂਚਕ ਹੈ ਕਿ ਸਮੂਹ ਗੁਰੂ ਸਾਹਿਬਾਨ ਇੱਕ ਜੋਤ ਸਨ। ਇਸ ਤਰਾਂ ਇਹ ਪਰਤੱਖ ਪ੍ਰਮਾਣ ਹੈ ਕਿ ਗੁਰੂ ਸਾਹਿਬਾਨ ਜੋਤਿ ਤੇ ਜੁਗਤੀ ਕਰਕੇ ਇੱਕ-ਮਿਕ ਅਤੇ ਸ਼ਬਦ ਸਰੂਪ ਹਨ

'ਇਕ ਬਾਣੀ ਇਕ ਗੁਰ ਇਕੋ ਸਬਦੁ ਵੀਚਾਰਿ ॥'[4]

ਗੁਰਬਾਣੀ ਸੰਗੀਤ ਵਿੱਚ ਸੰਕਲਿਤ ਸਭ ਬਾਣੀਕਾਰਾਂ ਦੀਆਂ ਰਚਨਾਵਾਂ ਵਿੱਚ ਇਕ ਤੱਥ ਤੇ ਸਭ ਤੋਂ ਜ਼ਿਆਦਾ ਜ਼ੋਰ ਦਿੱਤਾ ਗਿਆ ਹੈ, ਉਹ ਹੈ ਜਾਤ-ਪਾਤ ਦੀ ਨਾਕਾਰਾਤਮਕਤਾ ਅਰਥਾਤ ਸੰਸਾਰ ਦੇ ਸਾਰੇ ਜੀਵਾਂ ਨੂੰ ਇੱਕ ਪਿਤਾ (ਪਰਮਾਤਮਾ) ਦੀ ਔਲਾਦ ਦੱਸ ਕੇ ਉਹਨਾਂ ਨੂੰ ਭਰਾ-ਭਰਾ ਮੰਨਿਆ ਹੈ ਅਤੇ ਇਕ ਈਸ਼ਵਰ ਦਾ ਅੰਸ਼ ਹੋਣ ਕਰਕੇ ਸਾਰੇ ਮਨੁੱਖਾਂ ਵਿੱਚ ਏਕਤਾ ਦਰਸਾਈ ਹੈ

"ਸਰਬ ਜੀਆਂ ਮਹਿ ਏਕੋ ਰਵੈ

ਮਨਮੁਖਿ ਅਹੰਕਾਰੀ ਫਿਰਿ ਜੂਨੀ ਭਵੈ ॥"[15]

ਗੁਰੂ ਸਾਹਿਬਾਨ ਦਾ ਵਿਸ਼ਵਾਸ਼ ਸੀ ਕਿ ਜਿੰਨਾ ਚਿਰ ਮਨੁੱਖ ਅੰਦਰ ਰੱਬੀ ਏਕਤਾ ਦੀ ਭਾਵਨਾ ਨਹੀਂ ਆ ਜਾਂਦੀ ਉਨੀਂ ਦੇਰ ਮਨੁੱਖੀ ਸਮਾਨਤਾ ਸਮਾਜ ਵਿੱਚ ਨਹੀਂ ਆ ਸਕਦੀ। ਉਨ੍ਹਾਂ ਨੇ ਸਭ ਵਿੱਚ ਆਪ ਪ੍ਰਮਾਤਮਾ ਦੀ ਜੋਤ ਵੇਖ ਕੇ ਉਨ੍ਹਾਂ ਨਾਲ ਭਰਾਤਰੀ ਸਾਂਝ ਪਾਈ। ਇਸੇ ਕਰਕੇ ਗੁਰੂ ਨਾਨਕ ਨੂੰ ਸਾਰੀਆਂ ਕੌਮਾਂ ਵਿੱਚ ਇਕੋ ਮਾਨਵ ਕੌਮ ਹੀ ਦਿਖਾਈ ਦਿੰਦੀ ਹੈ

"ਸਗਲ ਰੂਪ ਵਰਨ ਮਨ ਮਾਹੀ। ਕਹੁ ਨਾਨਕ ਏਕੋ ਸਾਲਾਹੀ ॥"[16]

ਭਗਤ ਕਬੀਰ ਜੀ ਸਾਰੀ ਲੁਕਾਈ ਨੂੰ ਹੀ ਉਸ ਇੱਕ ਨੂਰ ਤੋਂ ਉਪਜਿਆ ਮੰਨ ਕੇ ਇਸ ਵਿੱਚ ਏਕਤਾ ਦਰਸਾਉਂਦੇ ਹਨ

"ਅਵਲ ਅਲਾ ਨੂਰ ਉਪਾਇਆ ਕੁਦਰਤ ਕੇ ਸਬ ਬੰਦੇ

ਏਕ ਨੂਰ ਤੇ ਸਭ ਜਗ ਉਪਜਿਆ ਕੌਣ ਭਲੈ ਕੋ ਮੰਦੇ ॥"[17]

ਮਨੁੱਖ ਤਾਂ ਇਕੋ ਜਿਹੇ ਹੀ ਪੈਦਾ ਹੁੰਦੇ ਹਨ ਪਰ ਧਰਤੀ ਤੇ ਆ ਕੇ ਅਲਗ-ਅਲੱਗ ਧਰਮਾਂ ਵਿੱਚ ਸ਼ਾਮਿਲ ਹੋ ਕੇ ਆਪਣੀ ਵੱਖਰੀ ਹੋਂਦ ਬਣਾ ਲੈਂਦੇ ਹਨ ਲੇਕਿਨ ਉਨ੍ਹਾਂ ਦਾ ਮੂਲ ਇੱਕ ਹੋਣ ਕਰਕੇ ਗੁਰਬਾਣੀ ਵਿੱਚ ਧਰਮਾਂ ਦੀ ਵੀ ਏਕਤਾ ਦਰਸਾਈ ਗਈ ਹੈ

"ਨਾ ਹਮ ਹਿੰਦੂ ਨਾ ਮੁਸਲਮਾਨ, ਅਲਹ ਰਾਮ ਕੇ ਪਿੰਡ ਪੁਰਾਨ"[18]

--- --- ---

"ਹਿੰਦੂ ਪੂਜੈ ਦੇਹੁਰਾ ਮੁਸਲਾਨ ਮਸੀਤ

ਨਾਮੈ ਸੋਈ ਸੇਵਿਆ ਜੋ ਦੇਹੁਰਾ ਨਾ ਮਸੀਤੁ"[19]

ਇਨ੍ਹਾਂ ਧਰਮ ਅਸਥਾਨਾਂ ਦੇ ਠੇਕੇਦਾਰ ਭਾਵੇ ਅਲਗ ਅਲਗ ਨਾਵਾਂ ਨਾਲ ਜਾਣੇ ਜਾਂਦੇ ਹਨ ਪਰ ਅਸਲ ਵਿੱਚ ਉਹ ਉਸ ਪ੍ਰਮਾਤਮਾ ਦਾ ਅੰਸ਼ ਹੋਣ ਕਰਕੇ ਸਮੁੱਚੀ ਮਾਨਵ ਜਾਤੀ ਦੀ ਏਕਤਾ ਦੇ ਪ੍ਰਤੀਕ ਹਨ

"ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸ਼ਾਫੀ

ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ॥" (ਅਕਾਲ ਉਸਤਤਿ)

ਵੱਖ ਵੱਖ ਧਰਮਾਂ ਦੀ ਆਪਸੀ ਬਰਾਬਰੀ, ਧਰਮ - ਨਿਰਪੱਖਤਾ, ਆਪਸੀ ਮੇਲਜੋਲ ਦੁਆਰਾ ਲੋਕਾਂ ਦੇ ਜੀਵਨ ਦਾ ਇਕਸਾਰ ਵਿਕਾਸ, ਆਪਸੀ ਸਤਿਕਾਰ, ਸਾਂਝ, ਸਮਹਿਤਾ, ਸੋਝੀ, ਸਦ-ਭਾਵਨਾ ਅਤੇ ਸਹਿਯੋਗ, ਭਾਰਤ ਦੇ ਆਚਰਣ ਦਾ ਪ੍ਰਮੁੱਖ ਲੱਛਣ ਹੈ। ਇਹ ਹੀ ਹਿੰਦੁਸਤਾਨ ਦੀ ਹਿੰਦੁਸਤਾਨੀਅਤ ਹੈ,

ਇਸ ਦੀ ਤਾਕਤ ਹੈ। ਗੁਰੂ ਅਰਜਨ ਦੇਵ ਜੀ ਨੇ 'ਗੁਰੂ ਗ੍ਰੰਥ ਸਾਹਿਬ' ਦੇ ਰੂਪ ਵਿੱਚ ਗੁਰੂਆਂ ਦੀ ਬਾਣੀ ਸੰਭਾਲ ਲਈ ਅਤੇ ਇਹ ਹਿੰਦਸਤਾਨ ਦੇ ਆਚਰਣ ਦੀ ਸੰਭਾਲ ਦਾ 'ਸਿਧਾਂਤ-ਸਮੂਹ' ਬਣ ਗਿਆ। ਜਿਵੇਂ ਹਿੰਦੁਸਤਾਨ ਨੂੰ ਵੰਨ-ਸੁਵੰਨਤਾ ਦਾ 'ਲਘੂ-ਰੂਪ' ਕਿਹਾ ਜਾ ਸਕਦਾ ਹੈ, ਉਸੇ ਤਰ੍ਹਾਂ ਇਹ ਸਿਧਾਂਤ-ਸਮੂਹ ਇਸਵੰਨ-ਸੁਵੰਨੀ ਮਨੁੱਖਤਾ ਨੂੰ ਇਕ ਸਾਂਝ ਵਿੱਚ ਪਿਰੋਣ ਲਈ, ਆਪਸੀ ਸਤਿਕਾਰ ਅਤੇ ਬਰਾਬਰੀ ਉਤੇ ਅਧਾਰਿਤ ਮਾਨਵਤਾ ਜਾਂ ਮਨੁੱਖੀ ਸਭਿਆਚਾਰ ਉਸਾਰਨ ਲਈ ਇੱਕ ਚਾਨਣ ਮੁਨਾਰਾ ਸਾਬਤ ਹੋਇਆ। ਗੁਰਮਤਿ ਸੰਗੀਤ ਦੀ ਇਹ ਪ੍ਰਥਾ ਅੱਜ ਤੱਕ ਵੀ ਚਲੀ ਆ ਰਹੀ ਹੈ, ਜਿਸ ਦਾ ਅਨੰਦ ਉਠਾਉਣ ਲਈ ਕਿਸੇ ਵੀ ਜਾਤ, ਧਰਮ, ਕਿੱਤੇ ਦੇ ਲੋਕ ਇਕੱਠੇ ਸੰਗਤ ਵਿਚ ਸ਼ਾਮਿਲ ਹੋ ਸਕਦੇ ਹਨ ਇਸ ਤਰ੍ਹਾਂ ਇਕੋ ਜਿਹੇ ਵਿਚਾਰ ਸਭ ਦੇ ਕੰਨਾਂ ਵਿੱਚ ਇਕੱਠੇ ਪੈਂਦੇ ਹਨ ਤਾਂ ਸਾਰੀ ਸੰਗਤ ਦੀ ਲਿਵ ਉਸ ਪਰਮ ਪਿਤਾ ਪਰਮਾਤਮਾ ਨਾਲ ਜੁੜ ਜਾਂਦੀ ਹੈ, ਆਪਸੀ ਵੈਰ ਵਿਰੋਧ ਦੂਰ ਹੋ ਜਾਂਦੇ ਹਨ ਤੇ ਸਭ ਵਿਚ ਏਕਤਾ ਦਾ ਸੰਚਾਰ ਪ੍ਰਵਾਹਿਤ ਹੁੰਦਾ ਹੈ।

<u>ਸਹਾਇਕ ਗ੍ਰੰਥ ਸੂਚੀ</u>


1. ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਭੈਰਉ ਮਹਲਾ ੩, ਚਉਪਦੇ ਪੰਨਾ 1128
2. ਡਾ. ਮਨਮੋਹਨ ਸਹਿਗਲ, ਗੁਰੂ ਗ੍ਰੰਥ ਸਾਹਿਬ : ਇੱਕ ਸਭਿਆਚਾਰਕ ਸਰਵੇਖਣ, ਪੰਨਾ 78
3. ਡਾ. ਸ਼ੰਕਰ ਲਾਲ ਮਿਸ਼ਰਾ, 'ਸੰਗੀਤ ਸ਼ਿਕਸ਼ਾ ਦੁਆਰਾ ਭਾਸ਼ਾ ਔਰ ਏਕਤਾ ਕਾ ਪ੍ਰਚਾਰ', ਪੰਨਾ 198
4. ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਲਾਵਲ, ਮਹਲਾ ੧, ਪੰਨਾ 338
5. ਉਹੀ, ਮਹਲਾ ੫, ਪੰਨਾ 289
6. ਉਹੀ, ਗਉੜੀ ਬਾਵਨ ਅਖਰੀ, ਮਹਲਾ ੫, ਪੰਨਾ 250
7. ਉਹੀ, ਸੋਰਠਿ ਮਹਲਾ ੧, ਪੰਨਾ 597
8. ਉਹੀ, ਵਾਰ ਬਿਲਾਵਲ ਮਹਲਾ ੪, ਪੰਨਾ 849
9. ਉਹੀ, ਧਨਾਸਰੀ ਮਹਲਾ ੧, ਪੰਨਾ 663
10. ਉਹੀ, ਰਾਗ ਆਸਾ ਮਹਲਾ ੪, ਪੰਨਾ 11
11. ਉਹੀ, 'ਜਪੁਜੀ ਪਉੜੀ ੩੪, ਪੰਨਾ 7
12. ਉਹੀ, ਗਉੜੀ ਮਹਲਾ ੫, ਪੰਨਾ 292
13. ਉਹੀ, ਰਾਮਕਲੀ ਮਹਲਾ ੨, ਪੰਨਾ 907
14. ਉਹੀ, ਵਾਰ ੧, ਪਉੜੀ 45
15. ਉਹੀ, ਗਉੜੀ ਮਹਲਾ ੧, ਪੰਨਾ 228
16. ਉਹੀ, ਗਉੜੀ ਮਹਲਾ ੪, ਪੰਨਾ 223
17. ਉਹੀ, ਪ੍ਰਭਾਤੀ ਕਬੀਰ, ਪੰਨਾ 1349
18. ਉਹੀ, ਭੈਰਉ ਮਹਲਾ ੫, 1136
19. ਸ੍ਰੀ ਗੁਰੂ ਗ੍ਰੰਥ ਸਾਹਿਬ, ਗੌਂਡ ਨਾਮਦੇਵ, ਪੰਨਾ 875


ਐਸੋਸੀਏਟ ਪ੍ਰੋਫੈਸਰ, ਲਾਇਲਪੁਰ ਖਾਲਸਾ ਕਾਲਿਜ ਫਾਰ ਵੂਮੈਨ, ਜਲੰਧਰ, ਮੋ: 98722 93333

# ਗੁਲਾਮ ਹੈਦਰ ਰਬਾਬੀ ਨੂੰ ਯਾਦ ਕਰਦਿਆਂ

ਬਲਬੀਰ ਸਿੰਘ ਕੰਵਲ (ਲੰਡਨ)

ਫਿਲਮੀ ਦੁਨੀਆਂ 'ਚ ਉਂਝ ਤਾਂ ਅਨੇਕ ਵੱਡੇ ਵੱਡੇ ਸੰਗੀਤ ਨਿਰਦੇਸ਼ਕ ਹੋਏ ਹਨ ਜਿਵੇਂ ਕਿ ਸਭਨਾਂ ਦੇ ਪਿਤਾਮਾ ਉਸਤਾਦ ਝੰਡੇ ਖਾਂ (1895-1952) ਗੁਜਰਾਂਵਾਲੇ ਦੇ ਬਾਬਾ ਜੀ. ਏ. ਚਿਸ਼ਤੀ (1905-1994)

ਪਰ ਜਿਹੜਾ ਦਰਜਾ ਮਾਸਟਰ ਗੁਲਾਮ ਹੈਦਰ ਨੂੰ ਪ੍ਰਾਪਤ ਹੈ, ਉਹ ਹੋਰ ਕਿਸੇ ਨੂੰ ਨਹੀਂ ਮਿਲ ਸਕਿਆ। ਉਹਦਾ ਜਨਮ ਹੈਦਰਾਬਾਦ ਵਿਖੇ 1906 ਵਿਚ ਹੋਇਆ। ਉਹਨਾਂ ਦੇ ਕੁਨਬੇ ਦਾ ਸੰਬੰਧ ਤਾਂ ਅਸਲ ਵਿਚ ਅੰਮ੍ਰਿਤਸਰ ਦੇ ਰਬਾਬੀ ਖਾਨਦਾਨ ਨਾਲ ਸੀ, ਪਰ ਉਸਦੇ ਪਿਤਾ ਬਿਲਾਸ ਅਲੀ ਕਾਫੀ ਪੜ੍ਹੇ ਲਿਖੇ ਹੋਣ ਕਰਕੇ, ਪਹਿਲਾਂ ਮੀਰਪੁਰ ਖਾਸ ਤਹਿਸੀਲੀਦਾਰ ਲੱਗੇ ਰਹੇ, ਫਿਰ ਹੈਦਰਾਬਾਦ ਜਾ ਕੇ ਦੰਦਾਂ ਦੀ ਡਾਕਟਰੀ (ਡੈਂਟਿਸਟ) ਦੀ ਪ੍ਰੈਕਟਿਸ ਕਰਨ ਲੱਗ ਪਏ। ਪਿਓ ਦੀ ਖਾਹਸ਼ ਸੀ ਕਿ ਉਹਦਾ ਪੁੱਤਰ ਵੀ ਪੜ੍ਹ ਲਿਖ ਕੇ ਕੋਈ ਉੱਚਾ ਅਫਸਰ ਬਣੇ, ਉਸਨੇ ਡੈਂਟਿਸਟਰੀ ਪਾਸ ਵੀ ਕਰ ਲਈ, ਪਰ ਪ੍ਰੈਕਟਿਸ ਕਦੇ ਨਾ ਕੀਤੀ, ਕਿਉਂਕਿ ਉਸਦੀ ਲਗਨ ਧੁਰ ਦਗਰਾਹੋਂ ਸੰਗੀਤ ਨਾਲ ਸੀ। ਉਨ੍ਹੀਂ ਦਿਨੀਂ ਹੈਦਰਾਬਾਦ ਪੰਜਾਬ ਦਾ ਇਕ ਬੜਾ ਵੱਡਾ ਗਵੱਈਆ ਬੀਬੇ ਖਾਂ (1895-1952) ਨਵਾਬ ਦਾ ਦਰਬਾਰੀ ਗਾਇਕ ਸੀ ਅਤੇ ਉਸਦੇ ਪਿਤਾ ਦਾ ਦੋਸਤ ਵੀ, ਉਸ ਕੋਲੋਂ ਸੰਗੀਤ ਦੀ ਸਿਲਖਾਈ ਸ਼ੁਰੂ ਹੋ ਗਈ। ਅਜੇ ਕੁਝ ਹੀ ਵਰ੍ਹੇ ਹੋਏ ਸਨ ਕਿ ਬਾਪ ਦੀ ਅਚਾਨਕ ਮੌਤ ਹੋਣ ਕਾਰਨ, ਉਹ ਅੰਮ੍ਰਿਤਸਰ ਵਾਪਿਸ ਪਰਤ ਆਇਆ ਅਤੇ ਭਾਈ ਸੰਤੂ ਦਾ ਸ਼ਾਗਿਰਦ ਬਣ ਗਿਆ। ਉਥੋਂ ਉਹ ਲਾਹੌਰ ਵੀ ਅਕਸਰ ਆਉਂਦਾ ਜਾਂਦਾ ਰਹਿੰਦਾ। ਉਸਦੀ ਖਾਸ ਖੂਬੀ ਇਹ ਸੀ ਕਿ ਉਹਦੇ ਹੱਥ ਨਚੱਲੇ ਨਾ ਰਹਿੰਦੇ ਅਤੇ ਹਰ ਵੇਲੇ ਉਹ ਤਰ੍ਹਾਂ ਤਰ੍ਹਾਂ ਦੇ ਸਾਜ਼ ਜਿਵੇਂ ਕਿ ਵਾਜਾ, ਪਿਆਨੋ, ਤਬਲਾ ਅਤੇ ਪਖਾਵਜ਼ ਆਦਿ ਵਜਾ ਕੇ ਉਹਨਾਂ ਦੀਆਂ ਆਵਾਜਾਂ ਦਾ ਅਧਿਐਨ ਕਰਦਾ ਰਹਿੰਦਾ। ਨ੍ਰਿਤ ਦਾ ਸ਼ੌਕ ਸੀ ਤਾਂ ਉਸਨੇ ਨ੍ਰਿਤ ਵੀ ਸਿੱਖ ਲਿਆ ਅਤੇ ਨਾਟਕ ਮੰਡਲੀਆਂ ਵਿਚ ਹਿੱਸਾ ਲੈਣ ਲੱਗ ਪਿਆ। ਪਿੰਡਾਂ ਥਾਵਾਂ ਤੇ ਜਾ ਕੇ ਉਹ ਨਾਟਕ ਖੇਡਦਾ, ਲੋਕ-ਗੀਤ, ਇਕੱਠੇ ਕਰਦਾ ਅਤੇ ਉਹਨਾਂ ਦੀਆਂ ਧੁਨੀਆਂ ਦਾ ਅਧਿਐਨ ਕਰਦਾ ਰਹਿੰਦਾ। ਸੰਨ 1932 ਵਿਚ ਉਹ ਜੈਨਾਫੋਨ ਰੀਕਾਰਡਿੰਗ ਕੰਪਨੀ ਲਾਹੌਰ (ਜਿਹੜੀ ਉਦੋਂ ਬਖਸ਼ੀ ਮਾਰਕੀਟ ਅਨਾਰਕਲੀ ਬਾਜ਼ਾਰ ਵਿਚ ਸੀ) ਵਿਚ ਬਤੌਰ 'ਕੰਪੋਜ਼ਰ' ਨੌਕਰੀ ਕਰਨ ਲੱਗ ਪਿਆ। ਉਸਤੋਂ ਅਗਲੇ ਸਾਲ ਉਹ ਸੇਠ ਦਲਸੁੱਖ ਪੰਚੋਲੀ (1906-1959) ਸਟੂਡਿਓ ਵਿਚ ਸੰਗੀਤ ਨਿਰਦੇਸ਼ਕ ਦੇ ਤੌਰ 'ਤੇ ਢਾਈ ਸੌ ਰੁਪਏ ਮਹੀਨੇ ਦੀ ਤਨਖਾਹ ਤੇ ਮੁਲਾਜ਼ਮ ਹੋ ਗਿਆ। ਸੰਨ 1933

ਵਿਚ 'ਸੁਰਗ ਕੀ ਸੀੜ੍ਹੀ' ਫਿਲਮ ਬਣੀ, ਉਹ ਤਾਂ ਕਿਸੇ ਕਾਰਨ ਅਸਫਲ ਰਹੀ, ਪਰ 1937 ਵਿਚ 'ਗੁੱਲ ਬਕਾਉਲੀ' ਫਿਲਮ ਜਿਹੜੀ ਸੱਠ ਹਜ਼ਾਰ ਰੁਪਏ ਦੀ ਲਾਗਤ ਨਾਲ ਬਣੀ ਸੀ, ਬੜੀ ਚੱਲੀ ਅਤੇ ਉਸਨੇ ਉਦੋਂ ਪੰਦਰਾਂ ਲੱਖ ਰੁਪਏ ਦੀ ਕਮਾਈ ਕੀਤੀ। ਪਹਿਲੀ ਬਣਾਈ ਗਈ ਫਿਲਮ ਦੇ ਖਾਤਮੇ ਤੇ ਉਮਰਾਓ ਨੇ ਉਸ ਨਾਲ ਸ਼ਾਦੀ ਕਰ ਲਈ ਸੀ। ਇਹ ਉਹਦੀ ਦੂਜੀ ਬੀਵੀ ਸੀ, ਉਸਦੀ ਪਹਿਲੀ ਪਤਨੀ ਉਹਨਾਂ ਦੀ ਆਪਣੀ ਬ੍ਰਾਦਰੀ 'ਚੋਂ ਸੀ। 'ਗੁੱਲ ਬਕਾਉਲੀ' ਵਿਚ ਨੂਰ ਜਹਾਨ ਦੇ ਗਾਏ ਇਸ ਗੀਤ, 'ਸ਼ਾਲਾ ਜਵਾਨੀਆਂ ਮਾਣੇ, ਆਢਾ ਨਾ ਮੋੜੀਂ ਪੀ ਲਾ' (ਤਵਾ ਨੰਬਰ ਜੇ. ਪੀ. 950) ਦੀ ਗੂੰਜ ਦੇਸ਼ ਭਰ ਦੇ ਕੋਨੇ ਕੋਨੇ ਵਿਚ ਅਜਿਹੀ ਫੈਲੀ ਕਿ ਹਰ ਥਾਂ 'ਨੂਰ ਜਹਾਨ' ਹੀ ਹੋਣ ਲੱਗ ਪਈ। ਉਸ ਤੋਂ ਅਗਲੇ ਸਾਲ 1940 ਵਿਚ 'ਯਮਲਾ ਜੱਟ' ਬਣਾਈ ਗਈ ਤਾਂ ਉਸ ਵਿਚ ਸ਼ਮਸ਼ਾਦ ਬੇਗਮ ਨੂੰ ਉਸਨੇ ਸਭ ਤੋਂ ਪਹਿਲੀ ਵੇਰ ਬਤੌਰ ਗਾਇਕਾ ਪ੍ਰੀਚਅਤ ਕਰਵਾਇਆ। ਉਸ ਵਿਚਲੇ ਸਭ ਗਾਣੇ ਬੜੇ ਹਿੱਟ ਹੋਏ, ਖਾਸ ਕਰਕੇ, 'ਕਣਕਾ ਦੀ ਫਸਲਾਂ ਪੱਕੀਆਂ ਨੇ' ਵਾਲਾ। ਉਸ ਪਿੱਛੋਂ ਲਾਹੌਰ ਵਿਚ ਬਣਨ ਵਾਲੀਆਂ ਪ੍ਰਸਿੱਧ ਫਿਲਮਾਂ ਇਹ ਸਨ : ਚੌਧਰੀ, ਖਾਨਦਾਨ, ਖਜ਼ਾਨਚੀ, (1941-ਪ੍ਰਸਿੱਧ ਗਾਣਾ-ਸਾਵਨ ਕੇ ਨਜ਼ਾਰੇ ਹੈਂ, ਆਹਾ ਆਹਾ) ਪੂੰਜੀ ਅਤੇ ਜ਼ਿੰਮੀਦਾਰ ਆਦਿ। ਇਹ ਸਾਰੀਆਂ ਫਿਲਮਾਂ ਬੇਹੱਦ ਕਾਮਯਾਬ ਰਹੀਆਂ, ਜਿਸਦਾ ਮੁੱਖ ਕਾਰਨ ਗੁਲਾਮ ਹੈਦਰ ਵੱਲੋਂ ਉਹਨਾਂ ਵਿਚ ਦਿੱਤਾ ਗਿਆ ਮਨ-ਮੋਹਿਕ ਸੰਗੀਤ ਸੀ।

ਮਾਸਟਰ ਜੀ ਦਾ ਨਾਂ ਹੁਣ ਤੱਕ ਲੋਕੀਂ ਫਿਲਮਾਂ ਨਾਲ ਜੋੜ ਕੇ ਹੀ ਗੱਲ ਖਤਮ ਕਰ ਦਿੰਦੇ ਰਹੇ ਹਨ, ਪਰ ਪੰਜਾਬੀ ਸੰਗੀਤ ਨੂੰ ਉਹਨਾਂ ਦੀ ਸਭ ਤੋਂ ਵੱਡੀ ਦੇਣ ਖਬਰੇ ਇਹ ਹੈ ਕਿ ਲਾਹੌਰ ਰਹਿੰਦਿਆਂ ਉਹਨਾਂ ਨੇ ਜਿੱਨ ਕਿਸਮ ਦੇ ਵੱਡੇ ਕੁਝ ਉਸਤਾਦ ਕਲਾਸੀਕਲ ਗਾਇਕਾਂ ਜਿਵੇਂ ਕਿ ਉਸਤਾਦ ਆਸ਼ਕ ਅਲੀ ਖਾਂ, ਉਮੇਟੇ ਅਲੀ ਖਾਂ (ਰਾਗ ਲਲਿਤ ਤਵਾ ਨੰਬਰ ਜੇ. ਪੀ. 778) ਬਰਕਤ ਅਲੀ ਖਾਂ (ਜਿਨਾਂ ਤੋਂ ਉਹਨਾਂ ਨੇ ਇਕ ਸ਼ਬਦ ਵੀ ਗਵਾ ਕੇ ਭਰਵਾ ਦਿੱਤਾ), ਇਨਾਇਤ ਬਾਈ ਢੇਰੂ ਵਾਲੀ (ਜਿਸ ਨਾਲ ਪਹਿਲੀਆਂ 'ਚ ਬੜੇ ਗੁਲਾਮ ਅਲੀ ਖਾਂ ਵੀ ਸਾਰੰਗੀ ਤੇ ਸੰਗਤ ਕਰਦੇ ਰਹੇ) ਆਦਿ ਦੀਆਂ ਆਵਾਜ਼ਾਂ ਭਰ ਕੇ, ਉਹਨਾਂ ਦੇ ਤਵੇ ਰਿਲੀਜ਼ ਕੀਤੇ, ਜਿਹਨਾਂ ਵਿਚੋਂ ਬਹੁਤ ਸਾਡੇ ਕੋਲ ਸਨ। ਉਹਨਾਂ ਦੀਆਂ ਆਵਾਜ਼ਾਂ ਭਰ ਲੈਣੀਆਂ, ਇਹ ਉਸ ਦੂਲੇ ਦਾ ਹੀ ਕੰਮ ਸੀ, ਨਹੀਂ ਤਾਂ ਇਹ ਲੋਕ ਕਿੱਥੇ ਮੰਨਦੇ ਸਨ, ਅੱਖੇ ਆਵਾਜ਼ ਭਰਵਾਉਣ ਨਾਲ ਮਸ਼ੀਨ ਤੁਹਾਡਾ ਸਾਹ ਸੂਤ ਕੇ ਗਲਾ ਸਦਾ ਲਈ ਖੁਸ਼ਕ ਕਰ ਦਿੰਦੀ ਹੈ। ਲੇਖਕ ਨੂੰ ਜਿਹੜੀ ਗੱਲ ਸਭ ਤੋਂ ਵੱਧ ਚੰਗੀ ਲੱਗੀ, ਉਹ ਸੀ ਉਸਦਾ ਸਿਖਾਂ ਦੇ ਮਹਾਨ ਕੀਰਤਨਕਾਰ ਭਾਈ ਪੂਰਨ ਸਿੰਘ ਤਰਨ ਤਾਰਨ ਵਾਲਿਆਂ (1899-1969) ਦਾ ਇਕ ਸ਼ਬਦ ਆਪਣੀ ਚਹੇਤੀ ਸ਼ਮਸ਼ਾਦ ਬੇਗਮ ਨਾਲ ਰਲ ਕੇ ਗਵਾ ਦੇਣਾ। ਉਹ ਸ਼ਬਦ ਹੈ: ਰਾਗ ਬਿਹਾਗੜਾ ਮਹਲਾ ੯ (537) :

"ਹਰਿ ਕੀ ਗਤਿ ਨਹਿ ਕੋਊ ਜਾਨੈ। ਜੋਗੀ ਜਤੀ ਤਪੀ ਪਚਿ ਹਾਰੇ, ਅਰੁਬਹੁ ਲੋਗ ਸਿਆਨੇ॥੧॥ ਰਹਾਊ

ਇਹ ਸ਼ਬਦ ਦੀ ਰੀਕਾਡਿੰਗ ਸਾਨੂੰ ਭਾਈ ਸਾਹਿਬ ਕਰਤਾਰ ਸਿੰਘ ਰਣਜੀਤ ਸਿੰਘ ਤੋਂ ਪ੍ਰਾਪਤ ਹੋਈ ਹੈ। ਹੈਰਾਨੀ ਦੀ ਗੱਲ ਹੈ ਕਿ ਸ਼ਮਸ਼ਾਦ ਦੀ ਟੱਲੀ ਵਰਗੀ ਖੜਕਦੀ ਆਵਾਜ਼ ਇਸ ਵਿਚ ਵੀਣਾ ਦੀ ਆਵਾਜ਼ ਦੇ ਵਧੇਰੇ ਨੇੜੇ ਲਗਦੀ ਹੈ, ਜਿਸ ਵਿਚ ਜਾਪਦਾ ਹੈ ਜਿਵੇਂ ਇਹ ਤਵਾ ਕਿਧਰੇ ਫਰਵਰੀ1935 'ਚ

ਭਰਿਆ ਗਿਆ ਹੋਵੇ, ਕਿਉਂਕਿ ਉਨੀਂ ਦਿਨੀਂ ਮਹਾਂਕਵੀ ਰਬਿੰਦਰ ਨਾਥ ਟੈਗੋਰ ਕੁਝ ਦਿਨ ਅੰਮ੍ਰਿਤਸਰ ਦੇ ਰਾਗੀਆਂ ਰਬਾਬੀਆਂ ਦਾ ਕੀਰਤਨ ਸਰਵਣ ਕਰ ਕੇ ਹੁਣ ਲਾਹੌਰ ਪਹੁੰਚ ਚੁੱਕੇ ਸਨ ਅਤੇ ਸ਼ਹਿਰ ਦੇ ਪ੍ਰਸਿੱਧ ਸੇਠ ਬੂਟਾਂ ਦੇ ਕਰੋੜਪਤੀ ਬਿਓਪਾਰੀ ਧਨੀ ਰਾਮ ਭੱਲਾ ਦੀ ਨਵਾਂ ਕੋਟ ਵਾਲੀ ਕੋਠੀ ਵਿਚ ਠਹਿਰੇ ਹੋਏ ਸਨ। ਭਾਈ ਸਾਹਿਬ ਨੇ ਜਦ ਹੀ ਉਥੇ, "ਕਾਹੇ ਰੇ ਬਨ ਖੋਜਨ ਜਾਈ॥ ਸਰਬ ਨਿਵਾਸੀ ਸਦਾ ਅਲੇਪਾ, ਤੋਹੀ ਸੰਗਿ ਸਮਾਈ॥੧॥ ਰਹਾਉ॥ (ਧਨਾਸਰੀ ਮਹੱਲਾ ੯, 864)॥ ਇਹ ਸ਼ਬਦ ਗਾਇਆ ਤਾਂ ਮਹਾਂਕਵੀ ਗੱਦ ਗੱਦ ਹੋ ਗਏ ਸਨ ਅਤੇ ਪ੍ਰਭਾਵਤ ਹੋ ਕੇ ਕਹਿਣ ਲੱਗੇ, "ਭਈ ਧੰਨ ਹੈ ਸਿੱਖੀ ਅਤੇ ਕੀਰਤਨੀ ਚੋਰੀ ਕਰਨੀ ਬੜੀ ਬੁਰੀ ਗੱਲ ਹੈ, ਪਰ ਭਾਈ ਸਾਹਿਬ ਐਨੇ ਸੁਰੀਲੇ ਕੀਰਤਨੀਏ ਹਨ ਕਿ ਮੇਰਾ ਦਿਲ ਕੀਤਾ ਹੈ ਕਿ ਇਹਨਾਂ ਨੂੰ ਮੈਂ ਚੋਰੀ ਕਰ ਕੇ ਵੀ, ਆਪਣੇ ਬੰਗਾਲ ਲੈ ਚਲਾਂ।" ਓਸੇ ਵੇਲੇ ਉਹਨਾਂ ਨੇ ਭਾਈ ਸਾਹਿਬ ਨੂੰ 'ਰਾਗ ਗੰਧਰਵ' ਦੇ ਖਿਤਾਬ ਦਾ ਸਰਟੀਫਿਕੇਟ ਵੀ ਲਿਖ ਕੇ ਦਿੱਤਾ ਸੀ। ਉਸ ਸਾਲ ਉਹਨਾਂ ਦਾ ਬਾਰਾ ਤਵਿਆਂ 'ਚ ਆਸਾ ਦੀ ਵਾਰ ਦਾ ਸੈੱਟ ਵੀ ਭਰਿਆ ਗਿਆ ਸੀ। ਉਨੀਂ ਦਿਨੀ ਫਿਲਮਾਂ ਬਣਾਉਣ ਵਾਲੇ ਦੋਵੇਂ ਮਹਾਨਗਰਾਂ, ਕਲਕੱਤਾ ਅਤੇ ਬੰਬਈ ਦੇ ਨਿਰਦੇਸ਼ਕਾਂ ਦਾ ਹੁਣ ਤਕ ਇਹ ਰੁਝਾਨ ਸੀ ਕਿ ਉਹ ਬੰਗਾਲ ਅੰਗ ਰਾਬਿੰਦਰਾ ਸੰਗੀਤ (ਰਾਮ ਚੰਦ ਬੜਾਲ ਦੇ ਅਸਰ ਤਹਿਤ ਜਿਸ ਪ੍ਰਚੱਲਤ ਰਵਾਜ ਦੇ ਰੋੜ੍ਹ ਦੇ ਬਹਾ ਵਿਚ ਪ੍ਰਸਿੱਧ ਪੰਜਾਬੀ ਗਵੱਈਆ ਕੁੰਦਨ ਲਾਲ ਸਗਿਹਲ ਵੀ ਬਹਿ ਚੁੱਕਾ ਸੀ) ਨੂੰ ਹਾਵੀ ਰੱਖਦੇ ਸਨ, ਪਰ ਗੁਲਾਮ ਹੈਦਰ ਨੇ ਇਹ ਰਵਾਜ਼ ਤੋੜ ਕੇ, ਉਸ ਵਿਚ ਪੰਜਾਬੀ ਅੰਗ ਗਾਇਨ ਨੂੰ ਪ੍ਰਮੁੱਖ ਰੱਖ ਕੇ ਅਸਲੋਂ ਨਵੇਂ ਘਾਰੇ ਪਾਏ ਜਿਸ ਨਾਲ ਸਾਰਾ ਹਿੰਦੁਸਤਾਨ ਚੂਕ ਉੱਠਿਆ। ਹਰ ਥਾਂ ਉਸਦੀਆਂ ਸਿਰਜੀਆਂ ਹੋਈਆਂ ਧੁਨਾਂ ਤੇ ਗਵਾਏ ਗਏ ਗਾਣੇ ਗਾਏ ਜਾਣ ਲੱਗ ਪਏ। ਉਸ ਦੀ ਅਸਾਧਾਰਨ ਮਸ਼ਹੂਰੀ ਹੋਣ ਕਰ ਕੇ ਫਿਲਮਾਂ ਬਣਾਉਣ ਵਾਲਿਆਂ ਨੇ ਸੋਚਿਆ ਕਿ ਉਸ ਨੂੰ ਕਿਸੇ ਵੀ ਕੀਮਤ ਤੇ ਲਾਹੌਰ ਦੀ ਫਿਲਮ ਨਗਰੀ ਤੋਂ ਪਟ ਕੇ ਬੰਬਈ ਲਿਆਂਦਾ ਜਾਏ। ਸੰਨ 1945 ਵਿਚ ਪ੍ਰਸਿੱਧ ਇਤਿਹਾਸਕ ਫਿਲਮ 'ਹਮਾਂਯੂੰ' ਬਣਨ ਵਾਲੀ ਸੀ। ਉਸ ਵਿਚ ਸੰਗੀਤ ਦੇਣ ਲਈ ਮਾਸਟਰ ਗੁਲਾਮ ਹੈਦਰ ਤੋਂ ਬਿਹਤਰ ਕੋਈ ਹੋਰ ਨਿਰਦੇਸ਼ਕ ਨਾ ਦਿਸਿਆ ਤਾਂ ਮਹਿਬੂਬ ਹੋਰੀਂ ਉਸ ਤਕ ਪਹੁੰਚ ਗਏ। ਪੰਚੋਲੀ ਵਿਚ ਉਸਦੀ ਤਨਖਾਹ ਵੀ ਹੁਣ ਹਜ਼ਾਰ ਰੁਪਇਆ ਮਹੀਨਾ ਹੋ ਚੁੱਕੀ ਸੀ, ਜਿਸ ਨਾਲ ਉਹ ਸੰਤੁਸ਼ਟ ਸੀ। ਪਰ ਬੰਬਈ ਵਾਲਿਆਂ ਨੇ ਉਸਨੂੰ ਖੜ੍ਹਨ ਲਈ ਜਦੋਂ ਜ਼ਿੱਦ ਨਾ ਛੱਡੀ ਤਾਂ ਪੈਂਦੀ ਸੱਟੇ ਉਸਨੇ ਸਭ ਤੋਂ ਪਹਿਲਾਂ ਇਕ ਲੱਖ ਰੁਪਇਆ ਕੈਸ਼ ਮੰਗ ਲਿਆ, ਜਿਹੜੀ ਖੁਸ਼ੀ ਖੁਸ਼ੀ ਅਗਲਿਆਂ ਨੇ ਉਹਦੇ ਅੱਗੇ ਧਰ ਦਿੱਤਾ। ਇਹ 1944 ਦੀਆਂ ਗੱਲਾਂ ਹਨ। ਯਾਦ ਰਹੇ ਕਿ ਫਿਲਮੀ ਦੁਨੀਆਂ ਦੀ ਤਾਰੀਖ 'ਚ ਉਹ ਪਹਿਲਾ ਮੌਕਾ ਸੀ ਜਦੋਂ ਕਿਸੇ ਸੰਗੀਤ ਨਿਰਦੇਸ਼ਕ ਨੂੰ ਇਕੋ ਫਿਲਮ ਦੀ ਐਨੀ ਵੱਡੀ ਰਕਮ ਪੇਸ਼ ਕੀਤੀ ਗਈ ਹੋਵੇ।

ਉਹਨਾਂ ਸਸਤੇ ਸਮਿਆਂ ਦੇ ਹਿਸਾਬ ਨਾਲ ਉਦੋਂ ਇਹ ਇਕ ਬਹੁਤ ਵੱਡੀ ਰਕਮ ਸੀ।

ਉਸਦੇ ਸੁਭਾਅ ਵਿਚ ਇਹ ਗੱਲ ਸ਼ਾਮਲ ਸੀ ਕਿ ਹਰ ਵੇਲੇ ਉਹ ਨਵੇਂ ਤੋਂ ਨਵੇਂ ਟੇਲੈਂਟ (ਹੁੰਦਹੇੜ ਕਲਾਕਾਰਾਂ) ਦੀ ਟੋਹ ਵਿਚ ਰਹਿੰਦਾ ਸੀ। ਉਨੀਂ ਦਿਨੀਂ ਲਤਾ ਮੰਗੇਸ਼ਕਰ ਹਾਲਾਤ ਦੀ ਮਾਰੀ ਹੋਈ ਕੰਮ ਦੀ ਭਾਲ ਵਿਚ ਦਰ ਬਦਰ ਭਟਕ ਰਹੀ ਸੀ, ਪਰ ਕਿਸੇ ਪਾਸਿਉਂ ਉਹਨੂੰ ਖੈਰ ਨਹੀਂ ਸੀ ਮਿਲ

ਰਹੀ। ਕੁਦਰਤ ਬੜੀ ਸਾਜ਼ਗਾਰ ਹੈ। ਉਹ ਸਹੀ, ਸੱਚੇ ਸੁੱਚੇ ਬੰਦੇ ਦੀ ਮਦਦ ਲਈ ਕੋਈ ਨਾ ਕੋਈ ਬੰਦਾ ਮਿਲਾ ਦਿੰਦੀ ਹੈ। ਜੇਕਰ ਬੇਬੀ ਲਤਾ ਦੀ ਮਾਇਕ ਹਾਲਤ ਐਨੀ ਪਤਲੀ ਸੀ ਤਾਂ ਮਾਸਟਰ ਜੀ ਦੀ ਮਾਨਸਿਕ ਹਾਲਤ ਉਸ ਨਾਲੋਂ ਵੀ ਪਤਲੀ ਸੀ। ਕਿਸੇ ਗੱਲੋਂ ਉਸਦੀ ਦੋਸਤ ਸ਼ਮਸ਼ਾਦ ਬੇਗਮ ਰੁੱਸ ਗਈ ਸੀ ਅਤੇ ਬੇਹੱਦ ਪ੍ਰੇਸ਼ਾਨ ਉਦਾਸ ਹੈਦਰ ਆਪਣੇ ਅਸਿਸਟੈਂਟ ਪ੍ਰਕਾਸ਼ ਮਾਮੂ ਨੂੰ ਆਖ ਚੁੱਕਾ ਸੀ ਕਿ ਭਈ ਆਪਣਾ ਬੋਰੀਆ ਬਿਸਤਰਾ ਬੰਨ੍ਹੋ ਤਾਂ ਲਾਹੌਰ ਵਾਪਸ ਚੱਲੀਏ। ਜੇਕਰ ਸਾਡਾ ਯਾਰ ਹੀ ਸਾਥੋਂ ਰੁੱਸ ਗਿਆ ਹੈ ਤਾਂ ਫਿਰ ਏਥੇ ਰਹਿ ਕੇ ਅਸਾਂ ਹੁਣ ਕੀ ਕਰਨਾ ਹੈ? ਪ੍ਰਕਾਸ਼ ਨੇ ਉਹਨਾਂ ਨੂੰ ਹੌਂਸਲਾ ਦਿੰਦਿਆਂ ਕਿਹਾ ਕਿ ਉਸਤਾਦ ਜੀ ਐਨਾ ਘਾਬਰੋ ਨਾ, ਏਥੇ ਅੱਜਕੱਲ ਇਕ ਨਵੀਂ ਕੁੜੀ ਆਈ ਹੋਈ ਹੈ, ਉਸਨੂੰ ਸੁਣ ਕੇ ਦੇਖ ਲਉ...! ਪਿਆਰ ਕਰਨ ਵਾਲੀਆਂ ਦੋ ਰੂਹਾਂ ਦਾ ਆਪਸ ਵਿਚ ਝਗੜਾ ਲਤਾ ਲਈ ਇਕ ਤਰ੍ਹਾਂ ਵਰਦਾਨ ਸਾਬਤ ਹੋਇਆ, ਬੇਸ਼ਕ ਉਸ ਸਮੇਂ ਉਸਦੀ ਆਵਾਜ਼ ਸ਼ਮਸ਼ਾਦ ਦੇ ਮੁਕਾਬਲੇ ਬੜੀ ਪਤਲੀ ਅਤੇ ਛੋਟੀ ਸੀ। ਆਵਾਜ਼, ਅਦਾਇਗੀ (Voice Production) ਦੇ ਬਹੁਤ ਵੱਡੇ ਪਾਰਖ ਰਬਾਬੀ ਨੇ ਜਦ ਹੀ ਉਸਨੂੰ ਸੁਣਿਆ ਤਾਂ ਉਸਨੇ ਉਸਦੇ ਗਲੇ ਵਿਚ ਸੰਭਾਵੀ ਰੇਸ਼ਮੀ ਤੰਦਾਂ ਦੇ ਰੇਸ਼ੇ ਤਾੜ ਕੇ ਦੂਜੇ ਤੀਜੇ ਹੋਰਨਾਂ ਨਿਰਦੇਸ਼ਕਾਂ ਨੂੰ ਉਸ ਬਾਰੇ ਭਵਿੱਖਬਾਣੀ ਕਰਦਿਆਂ ਇਹ ਗੱਲ ਆਖੀ ਸੀ, "ਜਿਸ ਗਾਇਕਾ ਨੂੰ ਤੁਸੀਂ ਅੱਜ ਧੱਕੇ ਮਾਰ ਰਹੇ ਹੋ ਅਤੇ ਮੌਕਾ ਨਹੀਂ ਦੇ ਰਹੇ, ਯਾਦ ਰੱਖੋ, ਇਕ ਦਿਨ ਕਦੇ ਅਜਿਹਾ ਆਏਗਾ, ਗਵਾਉਣ ਲਈ ਜਦੋਂ ਤੁਸੀਂ ਇਸਦੇ ਮਗਰ ਮਗਰ ਫਿਰੋਗੇ" ਇਸ ਹਕੀਕਤ ਨੂੰ ਲਤਾ ਆਪਣੀ ਜ਼ੁਬਾਨੀ

ਕਿੰਨੀ ਵੇਰ ਸਵੀਕਾਰ ਕਰ ਚੁੱਕੀ ਹੈ। ਫਿਲਮੀ ਦੁਨੀਆਂ ਨੂੰ ਮਾਸਟਰ ਜੀ ਹੁਣ ਤਕ ਨੂਰ ਜਹਾਨ, ਸ਼ਮਸ਼ਾਦ ਉਮਰਾਓ ਅਤੇ ਜ਼ੀਨਤ ਬੇਗ਼ਮ ਆਦਿ ਦੇ ਚੁੱਕੇ ਸਨ, ਲਤਾ ਦੀ ਲੱਭਤ ਨਾਲ (ਦਿਲ ਮੇਰਾ ਤੋੜਾ, ਕਹੀਂ ਕਾ ਨਾ ਛੋੜਾ ਉਸਤੋਂ ਪਹਿਲਾ ਗਾਣਾ ਗਵਾ ਕੇ ਉਹਨੂੰ ਅਸਮਾਨ 'ਤੇ ਚੜ੍ਹਾ ਦਿੱਤਾ ਸੀ। ਹੁਣ ਉਹਨਾਂ ਵਿਚ ਇਕ ਹੋਰ ਨਗ ਦਾ ਵਾਧਾ ਹੋ ਗਿਆ ਸੀ। ਮਾਸਟਰ ਜੀ ਨੇ ਬੰਬਈ ਵਿਚ ਵੀ ਕਈ ਫਿਲਮਾਂ ਜਿਵੇਂ ਕਿ ਫੂਲ, ਏਕ ਦਿਨ ਕਾ ਸੁਲਤਾਨ, ਬੈਰਾਮ ਖਾਂ, ਸ਼ਮਾਂ ਅਤੇ ਸ਼ਹੀਦ ਆਦਿ ਵਿਚ ਆਪਣਾ ਸੰਗੀਤ ਦੇ ਕੇ ਵੱਡਾ ਯੋਗਦਾਨ ਪਾਇਆ।

ਪਾਕਿਸਤਾਨ ਬਣਿਆ ਤਾਂ 1949 ਵਿਚ ਆਪ ਲਾਹੌਰ ਚਲੇ ਗਏ ਅਤੇ ਸ਼ਾਹਿਦਾ, ਬੇਕਰਾਰ, ਅਕੇਲੀ, ਗੁਲਾਮ ਅਤੇ ਗੁਲਨਾਰ ਆਦਿ ਫਿਲਮਾਂ ਵਿਚ ਸੰਗੀਤ ਦਿੱਤਾ। ਉਮਰਾਓ ਜ਼ਿਆ ਪਿੱਛੋਂ ਉਹਨਾਂ ਨੇ ਆਪਣਾ ਤੀਜਾ ਵਿਆਹ ਮਾਸਟਰ ਮਿਹਰ ਰਬਾਬੀ ਦੀ ਧੀ ਨਾਲ ਕਰਾਇਆ ਸੀ। ਸੰਨ 1953 ਵਿਚ ਆਪ ਨੂੰ ਗਲੇ ਦਾ ਕੈਂਸਰ ਹੋ ਗਿਆ ਸੀ। ਆਖਰ 9 ਨਵੰਬਰ ਨੂੰ ਆਪ ਦੀ ਮੌਤ ਹੋ ਗਈ। ਇਥੇ ਇਕ ਇਤਿਹਾਸਕ ਗੱਲ ਦੱਸਦੇ ਚੱਲੀਏ ਕਿ ਆਪ ਦੀ ਖਾਨਦਾਨੀ ਲੜੀ, ਛੇਵੀਂ ਪਾਤਸ਼ਾਹੀ ਜੀ ਦੇ ਢਾਡੀ ਭਾਈ ਅਬਦੁੱਲਾ ਨੱਥ ਮੱਲ ਜੀ ਨਾਲ ਜਾ ਜੁੜਦੀ ਹੈ।

2-ALBERT ROAD, ILFORD, ESSEX IGI 1HN (UK) E-mail : balbirkanwal@hotmail.com

# ਹਿੰਦੀ ਫ਼ਿਲਮੀ ਗੀਤਾਂ ਦਾ ਜਾਦੂਗਰ ਸੀ 'ਸਾਹਿਰ ਲੁਧਿਆਣਵੀ'

ਅਮਰਿੰਦਰ ਸਿੰਘ

'ਸਾਹਿਰ ਦਾ ਅਰਥ ਹੁੰਦਾ ਹੈ 'ਜਾਦੂਗਰ' ਅਤੇ ਗੀਤਕਾਰ ਸਾਹਿਰ ਲੁਧਿਆਣਵੀ ਵੀ ਕਿਸੇ ਜਾਦੂਗਰ ਤੋਂ ਘੱਟ ਨਹੀਂ ਸੀ, ਜਿਸ ਨੇ ਲਗਭਗ 30 ਵਰ੍ਹੇ ਆਪਣੀ ਸ਼ਾਇਰੀ ਨਾਲ ਹਿੰਦੀ ਫ਼ਿਲਮ ਇੰਡਸਟਰੀ ਨੂੰ ਸਰਸ਼ਾਰ ਰੱਖਿਆ। ਸਾਹਿਰ ਉੱਚ-ਪਾਏ ਦਾ ਸ਼ਾਇਰ ਅਤੇ ਕਲਮ ਦਾ ਧਨੀ ਸੀ, ਜਿਸ ਨੇ ਸਮਾਜ ਦੀਆਂ ਕੁਰੀਤੀਆਂ ਅਤੇ ਕਰਤੂਤਾਂ 'ਤੇ ਬੜੀ ਗਹਿਰਾਈ ਨਾਲ ਲਿਖਿਆ। ਔਰਤ ਦੀ ਸਮਾਜ ਵਿਚ ਦਸ਼ਾ ਬਾਰੇ ਦੱਸਦੇ ਹੋਏ 'ਔਰਤ ਨੇ ਜਨਮ ਦੀਆ ਮਰਦੋਂ ਕੋ, ਮਰਦੋਂ ਨੇ ਉਸੇ ਬਾਜ਼ਾਰ ਦੀਆ, ਜਬ ਜੀ ਚਾਹਾ ਮਚਲਾ ਕੁਚਲਾ ਜਬ ਜੀ ਚਾਹਾ ਦੁਤਕਾਰ ਦੀਆ' ਗੀਤ ਲਿਖਿਆ, ਜੇ ਜਾਤੀ ਭੇਦ-ਭਾਵ 'ਤੇ ਲਿਖਣਾ ਪਿਆ ਤਾਂ 'ਤੂ ਹਿੰਦੂ ਬਨੇਗਾ ਨਾ ਮੁਸਲਮਾਨ ਬਨੇਗਾ, ਇਨਸਾਨ ਕੀ ਔਲਾਦ ਹੈ ਇਨਸਾਨ ਬਨੇਗਾ' ਲਿਖਿਆ ਅਤੇ ਜਦੋਂ ਸਾਹਿਰ ਨੂੰ ਮਿਹਨਤ ਮਜਦੂਰੀ ਕਰਦੇ ਕਿਸਾਨਾਂ/ਕਾਮਿਆਂ 'ਤੇ ਲਿਖਣ ਦਾ ਮੌਕਾ ਮਿਲਿਆ ਤਾਂ 'ਸਾਥੀ ਹਾਥ ਬੜਾਨਾਂ, ਏਕ ਅਕੇਲਾ ਥਕ ਜਾਏਗਾ ਮਿਲ ਕਰ ਬੋਝ ਉਠਾਨਾ' ਆਦਿ ਵਰਗੇ ਨਗ਼ਮਿਆਂ ਨਾਲ ਸਮਾਜ ਦੀ ਤਸਵੀਰ ਨੂੰ ਉਜਾਗਰ ਕੀਤਾ ਹੈ। ਸਾਹਿਰ ਨੇ ਬਚਪਨ ਵਿਚ ਜੋ ਗਰੀਬੀ, ਦੁੱਖ-ਦਰਦ ਜੋ ਸੰਤਾਪ ਹੰਢਾਏ ਉਹ ਕਿਤੇ-ਨ-ਕਿਤੇ ਉਸ ਦੀ ਸ਼ਾਇਰੀ ਵਿਚ ਵੀ ਝਲਕਦਾ ਹੈ। ਇਹ ਉਹਨਾਂ ਸ਼ਾਇਰਾਂ ਵਿਚੋਂ ਹੋਏ ਹਨ ਜਿਨ੍ਹਾਂ ਦੀ ਕਲਮ ਨੇ ਜੋ ਵੀ ਲਿਖਿਆ ਉਹ ਸਾਰਥਕ ਹੋਇਆ।

ਆਪਣੇ ਨਾਂ ਨਾਲ ਲੁਧਿਆਣੇ ਸ਼ਹਿਰ (ਪੰਜਾਬ) ਨੂੰ ਅਮਰ ਕਰਨ ਵਾਲੇ ਸਾਹਿਰ ਲੁਧਿਆਣਵੀ ਦਾ ਜਨਮ 8 ਮਾਰਚ, 1921 ਨੂੰ ਹੋਇਆ। ਸਾਹਿਰ ਲੁਧਿਆਣਵੀ ਦਾ ਅਸਲ ਨਾਂ ਅਬਦੁਲ ਹਈ ਸੀ। ਇਹਨਾਂ ਦੇ ਪਿਤਾ ਦਾ ਨਾਂ 'ਚੌਧਰੀ ਫ਼ਜ਼ਲ ਮੁਹੰਮਦ' ਅਤੇ ਮਾਂ 'ਸਰਦਾਰ ਬੇਗ਼ਮ' ਸੀ। ਸਾਹਿਰ ਦਾ ਪਿਤਾ ਇਕ ਰਹੀਸ ਜਾਗੀਰਦਾਰ ਸੀ, ਜਿਸ ਨੇ 11 ਵਿਆਹ ਕਰਵਾਏ ਸਨ। ਇਹਨਾਂ ਵਿਆਹਾਂ ਤੋਂ ਕੇਵਲ ਸਾਹਿਰ ਲੁਧਿਆਣਵੀ ਹੀ ਇਕਲੋਤਾ ਲੜਕਾ ਹੋਇਆ ਸੀ ਬਾਕੀ ਸਭ ਲੜਕੀਆਂ ਸਨ। ਸਾਹਿਰ ਦੇ ਪਿਤਾ ਸਾਹਿਰ ਦੀ ਮਾਂ 'ਤੇ ਬੜੇ ਜ਼ੁਲਮ ਕਰਦੇ ਸਨ ਅਤੇ ਉਹਨਾਂ ਨੂੰ ਇਕ ਤਰ੍ਹਾਂ ਨਾਲ ਛੱਡਿਆ ਹੀ ਹੋਇਆ ਸੀ। ਚੌਧਰੀ ਫ਼ਜ਼ਲ ਮੁਹੰਮਦ ਨੇ ਸਰਦਾਰ ਬੇਗ਼ਮ ਨੂੰ ਕਿਹਾ ਕਿ ਉਹ ਤੈਨੂੰ ਤਾਂ ਨਹੀਂ ਰੱਖ ਸਕਦਾ ਪਰ ਮੈਨੂੰ ਇਹ ਲੜਕਾ (ਸਾਹਿਰ ਲੁਧਿਆਣਵੀ) ਦੇ ਦੇਵੇ ਜੋ ਮੇਰੇ ਵੰਸ਼ ਦਾ ਇਕਲੌਤਾ ਵਾਰਿਸ ਹੈ। ਇਸ ਬਦਲੇ ਉਹ ਜਿੰਨੀ ਮਰਜੀ ਦੌਲਤ-ਸ਼ੋਹਰਤ ਲੈ ਲਵੇ। ਇਹ ਗੱਲ ਸਰਦਾਰ ਬੇਗ਼ਮ ਨੂੰ ਮਨਜੂਰ ਨਹੀਂ ਸੀ। ਗੱਲ ਕੋਰਟ ਤੱਕ ਪੁਹੰਚੀ ਤਾਂ ਸਾਹਿਰ ਲੁਧਿਆਣਵੀ ਨੂੰ ਪੁਛਿਆ ਗਿਆ ਤਾਂ ਸਾਹਿਰ ਨੇ ਆਪਣੇ ਪਿਤਾ ਦੀ ਹਵੇਲੀ ਦਾ ਸੁੱਖ ਛੱਡ ਕੇ ਮਾਂ ਦੇ ਗਰੀਬ ਘਰ ਨੂੰ ਚੁਣਿਆਂ। ਗਰੀਬ ਮਾਂ ਨੇ ਆਪਣੇ ਸਾਹਿਰ ਨੂੰ ਬੜੇ ਚਾਅ-ਲਾਡਾਂ ਨਾਲ

ਪਾਲਿਆ। ਉਸ ਨੂੰ ਕੀ ਪਤਾ ਸੀ ਕਿ ਸਾਹਿਰ ਇਕ ਦਿਨ ਫ਼ਿਲਮ-ਇੰਡਸਟਰੀ ਦੇ ਅਸਮਾਨ 'ਤੇ ਧਰੂਤਾਰੇ ਵਾਂਗੂ ਚਮਕੇਗਾ।

ਸਾਹਿਰ ਨੇ ਆਪਣੀ ਆਰੰਭਿਕ ਪੜ੍ਹਾਈ 'ਮਾਲਵਾ ਖਾਲਸਾ ਹਾਈ' ਸਕੂਲ ਲੁਧਿਆਣਾ ਤੋਂ ਕੀਤੀ। ਇਹਨਾਂ ਨੂੰ ਦਸਵੀਂ ਜਮਾਤ ਤੋਂ ਹੀ ਕਵਿਤਾ ਲਿਖਣ ਦੀ ਚੇਟਕ ਸੀ। ਆਪਣੇ ਦੋਸਤਾਂ ਦੇ ਕਹਿਣ ਤੇ ਸਾਹਿਰ ਨੇ ਇਕ ਕਵਿਤਾ ਆਪਣੇ ਉਰਦੂ ਦੇ ਅਧਿਆਪਕ 'ਫ਼ਿਆਜ਼ ਹਰਿਆਣਵੀ' ਨੂੰ ਸੁਣਾਈ। ਫ਼ਿਆਜ਼ ਹਰਿਆਣਵੀ ਨੂੰ ਸਾਹਿਰ ਦੁਆਰਾ ਵਰਤੀ ਗਈ ਸ਼ਬਦਾਵਲੀ ਕਾਫੀ ਵਜ਼ਨਦਾਰ ਲੱਗੀ ਅਤੇ ਸਹਿਰ ਦਾ ਹੌਸਲਾ ਵਧਾਉਂਦੇ ਹੋਏ ਹੋਰ ਅੱਛਾ ਲਿਖਣ ਲਈ ਕਿਹਾ। ਇਸ ਤੋਂ ਬਾਅਦ ਸਾਹਿਰ ਲਿਖਦਾ ਰਿਹਾ ਅਤੇ ਆਪਣੇ ਸਾਥੀਆਂ ਨੂੰ ਸੁਣਾਉਂਦਾ ਰਿਹਾ। ਸਮੇਂ ਦੇ ਨਾਲ-ਨਾਲ ਪੰਜਾਬ ਵਿਚ ਹੀ ਸਾਹਿਰ ਦਾ ਸ਼ਾਇਰੀ ਦੇ ਖੇਤਰ ਵਿਚ ਨਾਂ ਵੀ ਹੋਣ ਲੱਗਾ ਪਿਆ ਸੀ। ਇਸ ਸਮੇਂ ਦੌਰਾਨ ਹੀ ਉਸ ਨੇ ਆਪਣਾ ਨਾਂ ਅਬਦੁਲ ਹਈ ਤੋਂ ਬਦਲ ਕੇ ਸਾਹਿਰ ਲੁਧਿਆਣਵੀ ਰੱਖ ਲਿਆ ਸੀ।

ਸਾਹਿਰ ਲੁਧਿਆਣਵੀ ਨੇ ਲੁਧਿਆਣਾ ਦੇ ਹੀ 'ਸਤੀਸ਼ ਚੰਦਰ ਧਵਨ' ਕਾਲਜ ਵਿਚ ਬੀ. ਏ. ਵਿਚ ਦਾਖਲਾ ਲਿਆ ਪਰ ਕਿਸੇ ਕਾਰਨ ਇਥੋਂ ਆਪਣੀ ਪੜ੍ਹਾਈ ਮੁਕੰਮਲ ਨਾ ਕਰ ਸਕੇ। ਫੇਰ ਇਹਨਾਂ ਨੇ 'ਦਿਆਲ ਸਿੰਘ' ਕਾਲਜ, ਲਾਹੌਰ ਵਿਚ ਬੀ.ਏ. (ਭਾਗ ਤੀਜਾ) ਵਿਚ ਦਾਖਲਾ ਲਿਆ। ਸਾਹਿਰ ਲੁਧਿਆਣਵੀ ਧਿਆਨ ਪੜ੍ਹਾਈ-ਲਿਖਾਈ ਵੱਲ ਘੱਟ ਅਤੇ ਸ਼ਾਇਰੀ ਵੱਲ ਜ਼ਿਆਦਾ ਰਹਿੰਦਾ ਸੀ, ਜਿਸ ਕਾਰਨ ਇਹ ਬੀ.ਏ. ਭਾਗ ਤੀਜਾ ਵਿਚੋਂ ਪਾਸ ਨਾ ਹੋ ਸਕੇ। ਇਸ ਤੋਂ ਬਾਅਦ ਸਾਹਿਰ ਨੇ ਉਰਦੂ ਦੀਆਂ ਪਤ੍ਰਿਕਾਵਾਂ 'ਅਦਬ-ਏ-ਲਤੀਫ਼', 'ਸ਼ਾਹਕਾਰ' ਅਤੇ 'ਸਵੇਰਾ' ਦੇ ਸੰਪਾਦਕ ਵਜੋਂ ਨੌਕਰੀ ਕਰ ਲਈ। ਲਾਹੌਰ ਰਹਿੰਦਿਆਂ ਹੀ 1945 ਵਿਚ ਸਾਹਿਰ ਨੇ ਆਪਣੀ ਸ਼ਾਇਰੀ ਦੀ ਪਹਿਲੀ ਕਿਤਾਬ 'ਤਲਖ਼ੀਆਂ' ਦਾ ਪ੍ਰਕਾਸ਼ਨ ਕਰਵਾਇਆ। ਸ਼ਾਇਰੀ ਦਾ ਸਮੁੰਦਰ ਆਪਣੇ ਅੰਦਰ ਸਮੋਈ ਬੈਠਾ ਇਹ ਫ਼ਨਕਾਰ ਜ਼ਿਆਦਾ ਦੇਰ ਸੰਪਾਦਕ ਦੇ ਨੌਕਰੀ 'ਤੇ ਨਹੀਂ ਟਿਕਿਆ ਅਤੇ ਕੁਝ ਸਮਾਂ ਦਿੱਲੀ ਰਹਿਣ ਮਗਰੋਂ ਬੰਬਈ ਆਪਣੀ ਕਿਸਮਤ ਅਜ਼ਮਾਉਂਣ ਆ ਗਿਆ।

ਭਾਵੇਂ ਸਾਹਿਰ ਨੇ ਪੰਜਾਬ ਰਹਿੰਦਿਆਂ ਸ਼ਾਇਰੀ ਦੇ ਖੇਤਰ ਵਿਚ ਕੁਝ ਨਾਂ ਖੱਟ ਲਿਆ ਸੀ ਪਰ ਹਿੰਦੀ ਫ਼ਿਲਮ ਇੰਡਸਟਰੀ ਵਿਚ ਇਸ ਨੂੰ ਸਫ਼ਲਤਾ ਐਨੀ ਅਸਾਨੀ ਨਾਲ ਨਹੀਂ ਮਿਲੀ। ਇਕ ਨਾਮਵਰ ਸ਼ਾਇਰ ਹੋਣ ਦੇ ਬਾਵਜੂਦ ਵੀ ਇੰਡਸਟਰੀ ਨੇ ਸਾਹਿਰ ਦਾ ਕਰੜਾ ਇਮਤਿਹਾਨ ਲਿਆ। ਜਿਸ ਸਮੇਂ ਸਾਹਿਰ ਨੇ ਫ਼ਿਲਮ ਇੰਡਸਟਰੀ ਵਿਚ ਕਦਮ ਧਰਿਆ ਉਦੋਂ ਇੰਡਸਟਰੀ ਵਿਚ 'ਕਿਸ਼ਨ ਚੰਦ', 'ਰਜਿੰਦਰ ਸਿੰਘ ਬੇਦੀ', 'ਇਸਮਤ ਚੁਗਤਾਈ', ਅਤੇ 'ਰਾਜ ਮਹਿੰਦੀ ਅਲੀ' ਆਦਿ ਵਰਗੇ ਬੜੇ ਨਾਮਵਰ ਅਤੇ ਸਥਾਪਿਤ ਲੇਖਕਾਂ ਦਾ ਸਿੱਕਾ ਚਲਦਾ ਸੀ। ਫ਼ਿਲਮਾਂ ਦੇ ਨਿਰਮਾਤਾ, ਨਿਰਦੇਸ਼ਕ ਅਤੇ ਸੰਗੀਤਕਾਰ ਇਹਨਾਂ ਗੀਤਕਾਰਾਂ ਤੋਂ ਇਲਾਵਾ ਕਿਸੇ ਨਵੇਂ ਗੀਤਕਾਰ ਨੂੰ ਅਜ਼ਮਾਉਂਣ ਬਾਰੇ ਸੋਚਦੇ ਵੀ ਨਹੀਂ ਸਨ।

ਬੜੀਆਂ ਮੁਸ਼ਕਿਲਾਂ ਤੋਂ ਬਾਅਦ 1948 ਵਿਚ ਸਾਹਿਰ ਨਿਰਦੇਸ਼ਕ ਲਲਿਤ ਚੰਦਰਾ ਮਹਿਤਾ ਨੂੰ ਮਿਲੇ ਜੋ ਉਸ ਸਮੇਂ ਅਜ਼ਾਦੀ ਕੀ ਰਾਹ ਪਰੋ ਫ਼ਿਲਮ ਬਣਾ ਰਹੇ ਸਨ ਅਤੇ ਸੰਗੀਤ ਜੀ.ਡੀ. ਕਪੂਰ ਤਿਆਰ

ਕਰ ਰਹੇ ਸਨ। ਸਾਹਿਰ ਨੇ ਇਸ ਫ਼ਿਲਮ ਵਿਚ ਚਾਰ ਗੀਤ ਲਿਖਣ ਦਾ ਮੌਕਾ ਤਾਂ ਮਿਲਿਆ ਪਰ ਇਹਨਾਂ ਗੀਤਾਂ ਤੋਂ ਕੋਈ ਖਾਸ ਪਛਾਣ ਨਾ ਮਿਲ ਸਕੀ। ਇਸ ਤੋਂ ਬਾਅਦ ਸਾਹਿਰ ਨੇ ਕਈ ਸਟੂਡਿਓ, ਨਿਰਮਾਤਾ ਅਤੇ ਨਿਰਦੇਸ਼ਕਾਂ ਦੇ ਚੱਕਰ ਲਗਾਏ ਪਰ ਕੰਮ ਨਹੀਂ ਮਿਲਿਆ। ਸਾਹਿਰ 'ਤੇ ਇਕ ਵੇਲਾ ਅਜਿਹਾ ਵੀ ਆਇਆ ਜਦੋਂ ਉਸ ਨੇ ਆਪਣੀ ਮਾਂ ਦੇ ਕਹਿਣ ਤੇ ਗਹਿਣੇ ਵੇਚ ਕੇ ਘਰ ਦਾ ਖਰਚ ਚਲਾਇਆ। ਅਸਫਲਤਾ ਤੋਂ ਅੱਕ ਕੇ ਸਾਹਿਰ ਦੀ ਮਾਂ ਨੇ ਸਾਹਿਰ ਨੂੰ ਕਿਹਾ ਕਿ ਚੱਲ ਆਪਾਂ ਲੁਧਿਆਣੇ ਵਾਪਿਸ ਚੱਲੀਏ, ਉਥੇ ਉਰਦੂ ਸ਼ਾਇਰਾਂ ਵਿਚ ਤੇਰਾ ਨਾਂ ਵੀ ਹੈ। ਲੇਕਿਨ ਸਾਹਿਰ ਫੈਸਲਾ ਕਰ ਚੁੱਕਾ ਸੀ ਕਿ ਕੁਝ ਕਰਨਾ ਹੈ ਤਾਂ ਇਥੇ ਹੀ ਨਹੀਂ ਕਿਤੇ ਵੀ ਨਹੀਂ।

ਲਗਭਗ 2 ਸਾਲ ਹੋਰ ਸੰਘਰਸ਼ ਕਰਨ ਤੋ ਮਗਰੋਂ ਸਾਹਿਰ ਨੂੰ ਆਪਣੀ ਕਲਾ ਦਾ ਪਾਰਖੀ ਸੰਗੀਤਕਾਰ ਐਸ.ਡੀ. ਬਰਮਨ ਮਿਲ ਹੀ ਗਿਆ। ਬਰਮਨ ਸਾਹਿਰ ਦੀ ਕਲਮ ਤੋਂ ਬੇਹੱਦ ਪ੍ਰਭਾਵਿਤ ਹੋਏ ਅਤੇ ਇਹਨਾਂ ਨੂੰ ਆਪਣੀ ਫ਼ਿਲਮ 'ਨੌਜਵਾਨ' (1951) ਲਈ ਬਤੌਰ ਗੀਤਕਾਰ ਸਾਇਨ ਕਰ ਲਿਆ। ਇਸ ਫ਼ਿਲਮ ਤੋਂ ਬਾਅਦ ਸਾਹਿਰ ਨੂੰ ਬਰਮਨ ਦੀ ਮਦਦ ਨਾਲ ਹੀ 'ਬਾਜ਼ੀ' (1951) ਦੇ ਗੀਤ ਲਿਖਣ ਦਾ ਮੌਕਾ ਮਿਲਿਆ। ਇਸ ਫ਼ਿਲਮ ਦੇ ਨਿਰਦੇਸ਼ਕ ਅਤੇ ਅਦਾਕਾਰ ਗੁਰਦੱਤ ਸਨ। ਸਾਹਿਰ ਨੇ ਇਸ ਵਿਸ਼ੇਸ਼ ਮੌਕੇ ਦਾ ਫਾਇਦਾ ਉਠਾਉਂਦੇ ਹੋਏ ਆਪਣੀ ਕਲਮ ਦਾ ਐਸਾ ਜਾਦੂ ਦਿਖਾਇਆ ਕਿ ਇਸ ਫ਼ਿਲਮ ਦੇ ਸਾਰੇ ਗੀਤ ਹਿੱਟ ਹੋ ਗਏ। ਇਸ ਫ਼ਿਲਮ ਦੀ ਸਫਲਤਾ ਤੋਂ ਸਾਹਿਰ ਲੁਧਿਆਣਵੀ ਨੂੰ ਸਹੀ ਅਰਥਾਂ ਵਿਚ ਆਪਣੀ ਪਛਾਣ ਮਿਲ ਗਈ। ਸਾਹਿਰ ਨੇ ਇਸ ਤੋਂ ਬਾਅਦ 'ਜਾਲ' (1952), 'ਅਰਮਾਨ' (1952), ਟੈਕਸੀ ਡਰਾਇਵਰ (1954), ਅਤੇ 'ਫੰਟੂਸ਼' (1956) ਆਦਿ ਫ਼ਿਲਮਾਂ ਲਈ ਹਿੱਟ ਗੀਤ ਦਿੱਤੇ।

ਸਾਹਿਰ ਦੇ ਸੰਗੀਤਕ ਸਫਰ ਵਿਚ 1957 ਦਾ ਵਰ੍ਹਾ ਵਿਸ਼ੇਸ਼ ਮਹੱਤਵ ਰੱਖਦਾ ਹੈ। ਇਸ ਸਮੇਂ ਸਾਹਿਰ ਕੋਲ 11 ਫ਼ਿਲਮਾਂ ਸਨ। ਇਹਨਾਂ 11 ਫ਼ਿਲਮਾਂ ਵਿਚੋਂ 9 ਫ਼ਿਲਮਾਂ ਇਸ ਕਾਰਨ ਕੈਂਸਲ ਕਰਵਾ ਦਿੱਤੀਆਂ ਗਈਆਂ ਕਿ ਇਹਨਾਂ ਦਾ ਉਸ ਸਮੇਂ ਦੇ ਕਿਸੇ ਸਥਾਪਿਤ ਗਾਇਕ ਨੇ ਇਸ ਗੱਲ 'ਤੇ ਝਗੜਾ ਹੋ ਗਿਆ ਕਿ ਗਾਣਾਂ ਤਾਂ ਸਿਰਫ ਅਵਾਜ਼ ਦੇ ਦਮ 'ਤੇ ਚਲਦਾ ਹੈ। ਇਸ ਖੁਦਦਾਰ ਸ਼ਾਇਰ ਸਾਹਿਰ ਲੁਧਿਆਣਵੀ ਨੂੰ ਇਹ ਗੱਲ ਨਾ ਮੰਜ਼ੂਰ ਹੋਈ। ਹੁਣ ਸਾਹਿਰ ਕੋਲ ਸਿਰਫ ਆਪਣੀ ਕਲਮ ਹੀ ਸੀ, ਜਿਸ ਦੇ ਦਮ 'ਤੇ ਉਹ ਉਸ ਗਾਇਕ ਨੂੰ ਇਸ ਦਾ ਜਵਾਬ ਦੇ ਸਕਦਾ ਸੀ। ਫੇਰ ਸਾਹਿਰ ਨੇ 'ਪਿਆਸਾ' ਅਤੇ 'ਨਯਾਂ ਦੌਰ' ਫ਼ਿਲਮਾਂ ਦੇ ਐਸੇ ਗੀਤ ਲਿਖੇ ਕਿ ਇਹ ਰਾਤੋ-ਰਾਤ ਚੋਟੀ ਦੇ ਗੀਤਕਾਰਾਂ ਵਿਚ ਗਿਣੇ ਜਾਣ ਲੱਗੇ।

ਫ਼ਿਲਮ ਪਿਆਸਾ ਦਾ ਸੰਗੀਤ ਐਸ.ਡੀ. ਬਰਮਨ ਅਤੇ ਨਯਾਂ ਦੌਰ ਦਾ ਸੰਗੀਤ ਓ.ਪੀ. ਨਈਅਰ ਨੇ ਤਿਆਰ ਕੀਤਾ ਸੀ। ਇਹਨਾਂ ਫ਼ਿਲਮਾਂ ਵਿਚ ਇਕ ਖਾਸ ਵਿਸ਼ੇਸ਼ਤਾ ਇਹ ਸੀ ਕਿ ਦੋਵੇ ਫ਼ਿਲਮਾਂ ਹੀ ਉਸ ਸਮੇਂ ਦੇ ਸਮਾਜ ਵਿਚ ਉੱਭਰ ਰਹੀਆਂ ਨਵੀਆਂ ਉਮੰਗਾਂ, ਕਦਰਾਂ-ਕੀਮਤਾਂ ਨੂੰ ਹੁਲਾਰਾ ਦੇਣ ਵਾਲੀਆਂ ਸਨ। ਇਹਨਾਂ ਫ਼ਿਲਮਾਂ ਦੇ ਗੀਤ ਜਿਵੇਂ 'ਯੇ ਮਹਿਲੋਂ ਯੇ ਤਖ਼ਤੋਂ ਯੇ ਤਾਜ਼ੋ ਕੀ ਦੁਨੀਆਂ', 'ਜਾਨੇ ਵੋ ਕੈਸੇ ਲੋਗ ਥੇ ਜਿਨਕੇ ਪਿਆਰ ਕੋ ਪਿਆਰ ਮਿਲਾ' (ਪਿਆਸਾ) 'ਉੜੇਂ ਜਬ ਜਬ ਜ਼ੁਲਫ਼ੇਂ ਤੇਰੀ', 'ਸਾਥੀ ਹਾਥ ਬੜਾਨਾ' (ਨਯਾਂ ਦੌਰ) ਆਦਿ ਗੀਤਾਂ ਨੇ ਸਾਹਿਰ ਦੇ ਕਰੀਅਰ ਨੂੰ ਇਕ ਨਵੀਂ ਦਿਸ਼ਾ ਪ੍ਰਦਾਨ ਕੀਤੀ।

ਸਾਹਿਰ ਦੇ ਗੀਤਾਂ ਦੀ ਗੱਲ ਕਰੀ ਜਾਵੇ ਤਾਂ ਸ਼ਾਇਦ ਹੀ ਕੋਈ ਅਜਿਹਾ ਗੀਤ ਹੋਵੇਗਾ ਜੋ ਹਿੱਟ ਨਾ ਹੋਇਆ ਹੋਵੇ। ਇਹਨਾਂ ਦੇ ਗੀਤਾਂ ਵਿਚੋਂ 'ਤਕਦੀਰ ਸੇ ਬਿਗੜੀ ਹੋਈ ਤਕਦੀਰ ਬਨਾ ਲੇ' (ਬਾਜ਼ੀ-1951), 'ਜੀਵਨ ਕੇ ਸਫ਼ਰ ਮੇਂ ਰਾਹੀ' (ਮੁਨੀਮ ਜੀ-1955), 'ਯੇ ਮਹਿਲੋਂ ਯੇ ਤਖ਼ਤੋਂ ਯੇ ਤਾਜ਼ੋਂ ਕੀ ਦੁਨੀਆਂ' (ਪਿਆਸਾ - 1957), 'ਔਰਤ ਨੇ ਜਨਮ ਦੀਆ ਮਰਦੋਂ ਕੋ ਮਰਦੋਂ ਨੇ ਉਸੇ ਬਾਜ਼ਾਰ ਦੀਆ' (ਸਾਧਨਾਂ-1958), 'ਤੂੰ ਹਿੰਦੂ ਬਨੇਗਾ ਨਾ ਮੁਸਲਮਾਨ ਬਨੇਗਾ, ਇਨਸਾਨ ਕੀ ਔਲਾਦ ਹੈ ਇਨਸਾਨ ਬਨੇਗਾ' (ਧੂਲ ਕਾ ਫੂਲ -1959), 'ਜ਼ਿੰਦਗੀ ਭਰ ਨਾ ਭੂਲੇਗੀ ਵੋ ਬਰਸਾਤ ਕੀ ਰਾਤ' (ਬਰਸਾਤ ਕੀ ਰਾਤ-1960), 'ਚਲੋ ਫਿਰ ਸੇ ਏਕ ਬਾਰ ਅਜਨਬੀ ਬਨ ਜਾਏ' (ਗੁਮਰਾਹ-1963), 'ਜੋ ਵਾਦਾ ਕੀਆ ਵੋ ਨਿਭਾਨਾ ਪੜੇਗਾ' (ਤਾਜ ਮਹਿਲ-1963), 'ਛੂ ਲੇਨੇ ਦੋ ਨਾਜ਼ੁਕ ਹੋਠੋ ਕੋ' (ਕਾਜਲ-1965), 'ਐ ਮੇਰੀ ਜ਼ੋਹਰਾ ਜ਼ਬੀ' (ਵਕਤ-1965), 'ਬਾਬੁਲ ਕੀ ਦੁਆਏਂ ਲੇਤੀ ਜਾ' (ਨੀਲ ਕਮਲ-1968) ਅਤੇ 'ਕਭੀ ਕਭੀ ਮੇਰੇ ਦਿਲ ਮੇਂ ਖ਼ਿਆਲ ਆਤਾ ਹੈ' (ਕਭੀ ਕਭੀ-1976) ਆਦਿ ਗੀਤ ਅੱਜ ਵੀ ਸਾਡੀ ਜ਼ੁਬਾਨ 'ਤੇ ਹਨ। ਸਾਹਿਰ ਨੇ ਆਪਣੀ 30 ਸਾਲਾਂ ਦੇ ਫ਼ਿਲਮੀ ਸਫਰ ਵਿਚ 113 ਫ਼ਿਲਮਾਂ ਦੇ ਗੀਤ ਲਿਖੇ। ਸੰਗੀਤਕਾਰ ਰਵੀ ਅਤੇ ਸਾਹਿਰ ਲੁਧਿਆਣਵੀ ਦਾ ਦੌਰ ਵੀ ਇੰਡਸਟਰੀ ਵਿਚ ਇਕ ਵਿਸ਼ੇਸ਼ ਸਥਾਨ ਰੱਖਦਾ ਹੈ। ਇਸ ਜੋੜੀ ਨੇ 'ਗੁਮਰਾਹ' (1963), 'ਕਾਜਲ' (1965), 'ਵਕਤ' (1965), 'ਹਮਰਾਜ' (1967), 'ਨੀਲਕਮਲ' (1968) ਅਤੇ 'ਆਂਖੇ' (1968) ਆਦਿ ਵਰਗੀਆਂ ਹਿੱਟ ਫ਼ਿਲਮਾਂ ਦਿੱਤੀਆਂ ਹਨ।

ਸਾਹਿਰ ਨੂੰ ਮਿਲੇ ਮਾਨ-ਸਨਮਾਨ ਦੀ ਸੂਚੀ ਬਹੁਤ ਲੰਮੀ ਹੈ। ਵਿਸ਼ੇਸ਼ ਕਰਕੇ ਇਹਨਾਂ ਨੂੰ 'ਫ਼ਿਲਮ ਫੇਅਰ ਐਵਾਰਡ' 'ਜੋ ਵਾਦਾ ਕੀਆ ਵੋ ਨਿਭਾਨਾਂ ਪੜੇਗਾ' (ਤਾਜ ਮਹਿਲ-1963) ਅਤੇ 'ਕਭੀ ਕਭੀ ਮੇਰੇ ਦਿਲ ਮੇਂ ਖ਼ਿਆਲ ਆਤਾ ਹੈ' (ਕਭੀ ਕਭੀ-1976) ਲਈ ਮਿਲਿਆ। 8 ਮਾਰਚ, 2013 ਵਿਚ ਸਾਹਿਰ ਲੁਧਿਆਣਵੀ ਦੇ ਜਨਮ ਦਿਨ ਦੇ ਮੌਕੇ 'ਤੇ ਭਾਰਤ ਸਰਕਾਰ ਨੇ ਇਹਨਾਂ ਦੇ ਨਾਮ ਦੀ ਡਾਕ ਟਿਕਟ ਵੀ ਜਾਰੀ ਕੀਤੀ ਹੈ।

ਇਸ ਫ਼ਨਕਾਰ ਨੇ ਵਿਆਹ ਦੇ ਬੰਦਨ ਬਾਰੇ ਤਾਂ ਬਹੁਤ ਕੁਝ ਲਿਖਿਆ ਪਰ ਖੁਦ ਨੂੰ ਇਸ ਬੰਦਨ ਵਿਚ ਨਾ ਬੰਨ ਸਕਿਆ। ਸਾਹਿਰ ਦੀ ਗੱਲਬਾਤ ਗਾਇਕਾ ਸੁਧਾ ਮਲਹੋਤਰਾ ਅਤੇ ਅ੍ਰਮਿਤਾ ਪ੍ਰੀਤਮ ਨਾਲ ਵੀ ਚੱਲੀ ਪਰ ਨੇਪੜੇ ਕਿਸੇ ਪਾਸੇ ਨਾ ਚੱੜ ਸਕੀ। 1976 ਵਿਚ ਸਾਹਿਰ ਦੀ ਮਾਂ ਦਾ ਦੇਹਾਂਤ ਹੋ ਗਿਆ। ਆਪਣੀ ਮਾਂ ਦੇ ਚਲੇ ਜਾਣ ਦਾ ਸਦਮਾਂ ਸਾਹਿਰ ਬਰਦਾਸ਼ਤ ਨਾ ਕਰ ਸਕਿਆ ਜੋ ਉਸ ਦੀ ਪ੍ਰਰੇਨਾ ਸੀ, ਸ਼ਾਇਰੀ ਸੀ। ਸਾਹਿਰ ਨੇ ਆਪਣੇ ਅਖੀਰਲੇ ਦਿਨਾਂ ਵਿਚ ਦੁਨੀਆਂ ਤੋਂ ਮੁੱਖ ਮੋੜ ਲਿਆ ਸੀ। ਉਹ ਆਪਣੇ ਕਮਰੇ ਵਿਚ ਹੀ ਰਹਿੰਦਾ ਅਤੇ ਜ਼ਿਆਦਾ ਕਿਸੇ ਨੂੰ ਮਿਲਦਾ ਵੀ ਨਹੀਂ ਸੀ। ਇਸ ਤਰ੍ਹਾਂ ਕਰਨ ਨਾਲ ਸਾਹਿਰ ਦੀ ਸਿਹਤ ਜ਼ਿਆਦਾ ਦੇਰ ਤੱਕ ਠੀਕ ਨਾ ਰਹਿ ਸਕੀ। 25 ਅਕਤੂਬਰ, 1980 ਨੂੰ ਅਚਾਨਕ ਦਿਲ ਦਾ ਦੌਰਾ ਪੈ ਜਾਣ ਕਾਰਨ ਸਾਹਿਰ ਦਾ ਵੀ ਦੇਹਾਂਤ ਹੋ ਗਿਆ। ਸਾਹਿਰ ਲੁਧਿਆਣਵੀ ਭਾਵੇਂ 33 ਵਰ੍ਹੇ ਪਹਿਲਾਂ ਸਾਥੋਂ ਵਿਛੜ ਗਏ ਪਰ ਇਹਨਾਂ ਦੇ ਰਚੇ ਗੀਤ ਹਿੰਦੀ-ਸਿਨੇ ਸੰਗੀਤ ਦੀ ਬੇਸ਼ਕੀਮਤੀ ਵਿਰਾਸਤ ਹਨ ਜੋ ਇਹਨਾਂ ਦੀ ਯਾਦ ਨੂੰ ਸਦਾ ਸਦੀਵੀ ਰੱਖ ਰਹੇ ਹਨ।

ਗੁਰਮਤਿ ਸੰਗੀਤ ਵਿਭਾਗ,ਪੰਜਾਬੀ ਯੂਨੀਵਰਸਿਟੀ, ਪਟਿਆਲਾ, ਮੋਬਾਈਲ : 9888114583

# ਗਉੜੀ

ਪ੍ਰਿ ਦਿਆਲ ਸਿੰਘ

ਥਾਟ : ਭੈਰਉ॥ ਵਾਦੀ : ਮ। ਸੰਵਾਦੀ : ਸ।
ਜਾਤੀ-ਵਕ੍ਰ ਸੰਪੂਰਣ। ਸਮਾਂ : ਰਾਤ ਦਾ ਚੌਥਾ ਪਹਿਰ (ਅੰਮ੍ਰਿਤ ਵੇਲਾ)
ਵਿਸ਼ੇਸ਼ : ਇਸ ਦੀ ਗਤਿ ਮੰਦ੍ਰ ਤੇ ਮੱਧ ਸਪਤਕ ਵਿਚ ਰਹਿੰਦੀ ਹੈ।
ਆਰੋਹ : ਸ, ਨ਼ ਰੁ ਗ ਮ, ਪ ਧੁ ਨ, ਸਂ॥ ਅਵਰੋਹ: ਸਂ ਨ ਧੁ ਪ ਮ ਗ ਰੁ ਸ ਰੁ ਨ਼ ਸ॥
ਪਕੜ : ਸ, ਨ਼ ਧ਼ੁ ਨ਼, ਰੁ ਗ ਰੁ ਮ, ਗ ਰੁ ਸ ਰੁ ਨ਼, ਧ਼ੁ ਨ਼ ਧ਼ੁ ਪ਼ ਮ਼ ਪ਼ ਨ਼, ਰੁ ਸ॥

ਅਸਥਾਈ

| | | | | | | | | | | | | | | | | | | | |
|---|---|---|---|---|---|---|---|---|---|---|---|---|---|---|---|---|---|---|---|
| × | | 2 | | | 0 | | 3 | | | × | | 2 | | 0 | | | 3 | | |
| 1 | 2 | 3 | 4 | 5 | 6 | 7 | 8 | 9 | 10 | 1 | 2 | 3 | 4 | 5 | 6 | 7 | 8 | 9 | 10 |
| ਸ | ਰੁ | ਸਰੁ | ਗ | ਰੁਸ | ਨ਼ | ਸ | ਨ਼ | ਧ਼ੁ | ਪ਼ਧ਼ੁ | ਨ਼ | ਨ਼ | ਸ | - | ਰੁ | ਮ | ਪਗ | ਮ | - | ਗਰੁ |
| ਕਵ | ਨ | ਗੁS | S | ਨS | ਪ੍ਰਾ | ਨ | ਪ | S | ਤS | ਮਿ | ਲਉ | ਮੇ | S | ਰੀ | ਮਾ | SS | ਈ | S | SS |

ਅੰਤਰਾ

| | | | | | | | | | | | | | | | | | | | |
|---|---|---|---|---|---|---|---|---|---|---|---|---|---|---|---|---|---|---|---|
| ਮ | - | $^{ਪ}$ਧੁ | - | ਪ | ਨ | - | ਸਂ | - | - | ਨ | ਨ | ਸਂ | - | ਰੁਂ | ਸਂ | ਨਧੁ | ਨ | - | ਧੁਪ |
| ਰੂ | S | ਪ | S | S | ਹੀ | S | ਨ | S | S | ਬ | ਧ | ਬ | S | ਲ | ਹੀ | SS | ਨੀ | S | SS |
| $^{ਗ}$ਮ | ਮ | ਮ | - | ਮਗ | ਪ | ਧੁ | ਪ | ਧੁ | ਮ | ਗ | ਰੁ | ਗ | - | ਗ | ਮ | ਪਗ | ਮ | - | ਗਰੁ |
| ਮੋ | ਹਿ | ਪ | S | ਰS | ਦੇ | S | ਸ | S | ਨ | ਦੂ | S | ਰ | S | ਤੇ | ਆ | SS | ਈ | S | SS |

# ਸੁਰ ਲਿਪੀ ਵਾਲੇ ਸ਼ਬਦ ਦੇ ਅਰਥ

## ਰਾਗੁ ਗਉੜੀ ਪੂਰਬੀ ਮਹਲਾ ੫

Raag Gauree Poorbee, Fifth Mehl:

## ੴ ਸਤਿਗੁਰ ਪ੍ਰਸਾਦਿ ॥

One Universal Creator God. By The Grace Of The True Guru:

**ਕਵਨ ਗੁਨ ਪ੍ਰਾਨਪਤਿ ਮਿਲਉ ਮੇਰੀ ਮਾਈ ॥੧॥ ਰਹਾਉ ॥**

By what virtues can I meet the Lord of life, O my mother? ||1||Pause||

**ਰੂਪ ਹੀਨ ਬੁਧਿ ਬਲ ਹੀਨੀ ਮੋਹਿ ਪਰਦੇਸਨਿ ਦੂਰ ਤੇ ਆਈ ॥੧॥**

I have no beauty, understanding or strength; I am a stranger, from far away. ||1||

**ਨਾਹਿਨ ਦਰਬੁ ਨ ਜੋਬਨ ਮਾਤੀ ਮੋਹਿ ਅਨਾਥ ਕੀ ਕਰਹੁ ਸਮਾਈ ॥੨॥**

I am not wealthy or youthful. I am an orphan - please, unite me with Yourself. ||2||

**ਖੋਜਤ ਖੋਜਤ ਭਈ ਬੈਰਾਗਨਿ ਪ੍ਰਭ ਦਰਸਨ ਕਉ ਹਉ ਫਿਰਤ ਤਿਸਾਈ ॥੩॥**

Searching and searching, I have become a renunciate, free of desire. I wander around, searching for the Blessed Vision of God's Darshan. ||3||

**ਦੀਨ ਦਇਆਲ ਕ੍ਰਿਪਾਲ ਪ੍ਰਭ ਨਾਨਕ ਸਾਧਸੰਗਿ ਮੇਰੀ ਜਲਨਿ ਬੁਝਾਈ ॥੪॥੧॥੧੧੮॥**

God is Compassionate, and Merciful to the meek; O Nanak, in the Saadh Sangat, the Company of the Holy, the fire of desire has been quenched. ||4||1||118||


**Communication Centre**
**Formal Restaurants**
**Exhibition Rooms**
**Accommodation**
**Informal Eating**
**Tours & Travels**
**Conferencing**
**Floral Shop**

THE AROMA

**Premium Event Centre**
**Millennium Centre**
**Deliberations**
**Abhinandan**
**Exporama**
**Mind Set**
**Art Craft**

**Sector: 22 - C, Chandigarh,**
**Ph.:** 2700045-48 **Fax :** 0172-2700051
**E-mail :** hotelaroma@glide.net.in
**Website :** www.hotelaroma.com

# ਮਿਲਤ ਪ੍ਰਧਾਨ ਕੀਰਤਨ ਸ਼ੈਲੀ ਦੇ ਮਾਲਕ ਭਾਈ ਅਮਰੀਕ ਸਿੰਘ ਜ਼ਖਮੀ



ਪੀੜ੍ਹੀ-ਦਰ-ਪੀੜ੍ਹੀ ਗੁਰਮਤਿ ਕੀਰਤਨ ਨੂੰ ਸਮਰਪਿਤ ਪੰਥ ਪ੍ਰਸਿੱਧ ਰਾਗੀ ਭਾਈ ਅਰਮੀਕ ਸਿੰਘ ਜ਼ਖਮੀ ਅਜਿਹੇ ਕੀਰਤਨੀਏ ਸਨ, ਜਿਹਨਾਂ ਨੂੰ ਸੰਸਾਰ ਵਿਚ ਵਸਣ ਵਾਲੀਆਂ ਲੱਖਾਂ ਕੀਰਤਨ ਪ੍ਰੇਮੀ ਸਿੱਖ ਸੰਗਤਾਂ ਨੇ ਭਰਪੂਰ ਪਿਆਰ ਦਿੱਤਾ। ਭਾਈ ਅਮਰੀਕ ਸਿੰਘ ਜ਼ਖਮੀ ਦੇ ਪਿਤਾ ਭਾਈ ਧਰਮ ਸਿੰਘ ਜ਼ਖਮੀ ਆਪਣੇ ਸਮੇਂ ਪ੍ਰਸਿੱਧ ਰਾਗੀ ਸਨ। ਭਾਈ ਅਮਰੀਕ ਸਿੰਘ ਦਾ ਜਨਮ ਭਾਈ ਧਰਮ ਸਿੰਘ ਦੇ ਗ੍ਰਹਿ ਵਿਖੇ ਪਿੰਡ ਮਾਣਕੋ (ਜਲੰਧਰ) ਵਿਖੇ ਹੋਇਆ। ਭਾਈ ਅਮਰੀਕ ਸਿੰਘ ਜ਼ਖਮੀ ਆਪਣੇ ਸਤਿਕਾਰਯੋਗ ਪਿਤਾ ਜੀ ਦੀ ਅਗਵਾਈ ਵਿਚ ਗੁਰਮਤਿ ਸੰਗੀਤ ਦੀ ਸ਼ਬਦ ਕੀਰਤਨ ਪਰੰਪਰਾ ਨੂੰ ਪੂਰਨ ਰੂਪ ਵਿਚ ਸਮਰਪਤ ਸਨ। ਭਾਈ ਅਮਰੀਕ ਸਿੰਘ ਜ਼ਖਮੀ ਵੀ ਆਪਣੇ ਪਿਤਾ ਵਾਂਗ ਸ਼ਬਦ ਕੀਰਤਨ ਚੌਕੀ ਦੇ ਗੁਣਾਂ ਨਾਲ ਭਰਪੂਰ ਬੁਲੰਦ ਖੁੱਲ੍ਹੀਆਂ ਆਵਾਜ਼ਾਂ ਸਿਹਤ ਮਿਲਤ ਪ੍ਰਧਾਨ ਸ਼ੈਲੀ ਵਿਚ ਕੀਰਤਨ ਕਰਦੇ ਸਨ। ਕੀਰਤਨ ਲਈ ਗੁਰਮਤਿ ਸਾਹਿਤ ਦੇ ਇਤਿਹਾਸ ਦੇ ਵਿਭਿੰਨ ਬਾਣੀ ਸਰੋਤਾਂ ਦੇ ਅਧਿਐਨ ਤੋਂ ਇਲਾਵਾ ਭਾਈ ਜ਼ਖਮੀ ਪੰਜਾਬੀ ਤੇ ਫਾਰਸੀ ਭਾਸ਼ਾ ਦਾ ਮੁਹਾਰਤ ਨਾਲ ਪ੍ਰਯੋਗ ਕਰਦੇ ਸਨ। ਇਹ ਵਿਸ਼ੇਸ਼ਤਾ ਅੱਜ ਕਿਸੇ ਜੱਥੇ ਕੋਲ ਘੱਟ ਹੀ ਹੈ।

ਭਾਈ ਅਮਰੀਕ ਸਿੰਘ ਜ਼ਖਮੀ ਦੇ ਪਿਤਾ ਭਾਈ ਧਰਮ ਸਿੰਘ ਜ਼ਖਮੀ, ਦਾਦਾ ਭਾਈ ਫਤਹਿ ਸਿੰਘ, ਪਿਤਾ ਦੌਲਤ ਸਿੰਘ, ਚਾਚਾ ਭਾਈ ਉਮਰਾਓ ਸਿੰਘ ਅਤੇ ਤਾਇਆ ਭਾਈ ਸਰਦਾਰਾ ਸਿਘ ਆਪਣੇ ਕਾਲ ਦੇ ਪ੍ਰਸਿੱਧ ਕੀਰਤਨੀਏ ਸਨ। ਇਸ ਪਰਿਵਾਰ ਨੂੰ ਇਸ ਗੱਲ ਦਾ ਮਾਣ ਹੈ ਕਿ ਭਾਈ ਅਮਰੀਕ ਸਿੰਘ ਦੇ ਪਿਤਾ ਭਾਈ ਧਰਮ ਸਿੰਘ ਦੇ ਭਰਾਤਾ ਭਾਈ ਸ਼ਮਸ਼ੇਰ ਸਿੰਘ, ਭਾਈ ਗੁਰਸ਼ਰਨ ਸਿੰਘ ਅਤੇ ਦੂਜੀ ਪੀੜ੍ਹੀ ਦੇ ਕੀਰਤਨੀਆਂ ਵਿਚ ਭਾਈ ਅਰਮੀਕ ਸਿੰਘ ਜ਼ਖਮੀ ਤੋਂ ਬਿਨ੍ਹਾਂ ਗਿ: ਸੁਰਜੀਤ ਸਿੰਘ ਜ਼ਖਮੀ ਕਥਾਵਾਚਕ, ਭਾਈ ਹਰਇਕਬਾਲ ਸਿੰਘ ਬਾਲੀ, ਭਾਈ ਰਘਬੀਰ ਸਿੰਘ, ਭਾਈ ਬਰਤਪਾਲ ਸਿੰਘ ਅਤੇ ਅਕਾਲ ਸਿੰਘ ਵੀ ਕੀਰਤਨ ਵਜੋਂ ਵੀ ਪ੍ਰਸਿੱਧ ਹੋਿਇਆ। ਥੋੜ੍ਹਾ ਸਮਾਂ ਪਹਿਲਾਂ ਭਾਈ ਅਰਮੀਕ ਸਿੰਘ ਜ਼ਖਮੀ ਦੇ ਜੱਥੇ ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਗੁਰਮਤਿ ਸੰਗੀਤ ਵਿਭਾਗ ਤੇ ਗੁਰਮਤਿ ਸੰਗੀਤ ਚੇਅਰ ਵੱਲੋਂ ਗੁਰਮਤਿ ਸੰਗੀਤ ਘਰਾਣਾ ਦੇ ਐਵਾਰਡ ਨਾਲ ਸਨਮਾਨਤ ਕੀਤਾ ਗਿਆ। ਭਾਈ ਅਰਮੀਕ ਸਿੰਘ ਜ਼ਖਮੀ ਆਪਣੇ ਯੋਗ ਸਪੁੱਤਰ ਭਾਈ ਹਰਜੋਤ ਸਿੰਘ ਜ਼ਖਮੀ ਨੂੰ ਪਿਤਾਪੁਰਖੀ ਗੁਣਾਂ ਨਾਲ ਸ਼ਿੰਗਾਰ ਰਹੇ ਸਨ ਕਿ ਅਚਾਨਕ ਸਰੀਰਕ ਤੌਰ ’ਤੇ ਬੀਮਾਰੀ ਨੇ ਆ ਘੇਰਿਆ ਅਤੇ ਧਰਮ ਪਤਨੀ ਵੀ ਸਰੀਰਕ ਤੌਰ ’ਤੇ ਵਿਛੋੜਾ ਦੇ ਗਈ। ਜ਼ਖਮੀ ਪਰਿਵਾਰ ਦੀ ਚੌਥੀ ਪੀੜ੍ਹੀ ਵਿਚ ਉਹਨਾਂ ਦਾ ਸਪੁੱਤਰ ਭਾਈ ਹਰਜੋਤ ਸਿੰਘ ਜ਼ਖਮੀ ਅਤੇ ਭਾਈ ਅੰਮ੍ਰਿਤਪਾਲ ਸਿੰਘ ਨੇ ਨਾਮਵਰ ਕੀਰਤਨੀਏ ਵਜੋਂ ਸੇਵਾ ਨਿਭਾਅ ਰਹੇ ਹਨ।

ਭਾਈ ਅਮਰੀਕ ਸਿੰਘ ਜ਼ਖਮੀ ਨੂੰ ਸ਼ਬਦ ਕੀਰਤਨ ਨੂੰ ਬੁਲੰਦੀ ਤੱਕ ਪਹੁੰਚਾਉਣ ਲਈ ਅਨੇਕਾਂ ਸੰਸਥਾਵਾਂ ਵੱਲੋਂ ਸੰਤ ਸੁਜਾਨ ਸਿੰਘ ਐਵਾਰਡ, ਸਿਫਤੀ ਐਵਾਰਡ ਦਿੱਲੀ ਵਿਖੇ, ਸਰਬੋਤਮ ਕੀਰਤਨੀ ਐਵਾਰਡ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ, ਲਾਈਫ ਟਾਈਮ ਅਚੀਵਮੈਂਟ ਐਵਾਰਡ ਲਾਸ ਏਂਜਲਸ (ਕੈਲੇਫੋਰਨੀਆ), ਯੂ. ਐਸ. ਏ. ਵਿਖੇ ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਸ਼੍ਰੋਮਣੀ ਰਾਗੀ ਐਵਾਰਡ ਜਵੱਦੀ ਟਕਸਾਲ ਵੱਲੋਂ ਸਰਬੋਤਮ ਐਵਾਰਡ ਨਾਲ ਸਨਮਾਨਤ ਕੀਤਾ ਗਿਆ। ਸੰਸਾਰ ਦੇ ਵੱਖ ਵੱਖ ਦੇਸ਼ਾਂ ਵਿਚ ਕੀਰਤਨ ਨਾਲ ਪਿਆਰ ਕਰਨ ਵਾਲਿਆਂ ਵੱਲੋਂ ਸੈਂਕੜੇ ਵਿਸ਼ੇਸ਼ ਸਨਮਾਨ ਦਿੱਤੇ ਗਏ। ਇਸ ਪੁਸ਼ਤੈਨੀ ਕੀਰਤਨੀਏ ਦੀ ਬੁਲੰਦ ਆਵਾਜ਼ 54-55 ਸਾਲ ਲਗਾਤਾਰ ਸਿੰਘ ਜਗਤ ਦੀਆਂ ਸਟੇਜਾਂ ਤੋਂ ਸਿੱਖ ਜਗਤ ਦੇ ਹਿਰਦਿਆਂ ਨੂੰ ਧੂਹ ਪਾਉਂਦੀ ਰਹੀ। 19 ਨਵੰਬਰ 2013 ਨੂੰ ਜਲੰਧਰ ਦੇ ਗੁਰਦੁਆਰਾ ਨੌਵੀਂ ਪਾਤਸ਼ਾਹੀ, ਗੁਰੂ ਤੇਗ ਬਹਾਦਰ ਨਗਰ ਵਿਖੇ ਉਹਨਾਂ ਦੀ ਮਿੱਠੀ ਪਿਆਰੀ ਯਾਦ ਵਿਚ ਗੁਰਬਾਣੀ ਕੀਰਤਨੀ ਦੇ ਨਾਲ ਅੰਤਿਮ ਅਰਦਾਸ ਵਿਚ ਸਿੱਖ ਜਗਤ ਦੀਆਂ ਉੱਘੀਆਂ ਸ਼ਖਸੀਅਤਾਂ ਨੇ ਆਪਣੀ ਅਕੀਦਤ ਭੇਟਾ ਕੀਤੀ।

(ਧੰਨਵਾਦ ਸਹਿਤ ਰੋਜ਼ਾਨਾ ਅਜੀਤ ਵਿਚੋਂ)

ਪਿੰਡ ਜੌਹਲ, ਡਾਕ. ਬੋਲੀਨਾ, ਦੁਆਬਾ ਜਲੰਧਰ-144101, ਮੋਬਾਇਲ : 98143 24040

Postal Regd. No. G/CHD /0045/2012-14 RNI Regd. No. 46788/89 ISSN 0972-2335

